ਗਾਲੇ ਹੈਂ ਮਲੇਛ ਮੂਲ ਜਾਲੇ ਹੈਂ ਮਸੰਦ ਮੰਦ
ਟਾਲੇ ਹੈਂ ਪਹਾਰੀ ਜੋਰ ਢਾਲੇ ਤੇਗ ਭਾਲੇ ਕੇ॥
ਵਾਲੇ ਮਤ ਵਾਲੇ ਹੈਂ ਨਿਕਾਲੇ ਹੈਂ ਜ਼ਮਾਨੇ ਬੀਚ
ਬੀਨ ਬੀਨ ਪਾਲੇ ਏਤੌਂ ਲਾਲੋ ਗੁਰੁ ਤਾਲੇ ਕੇ।
ਠਾਲੇ ਰਹੈਂ ਦੋਖੀ ਛੀਨ ਡਾਲੇ ਰਹੈਂ ਭੋਰੇ ਤੰਗ
ਬਾਂਕੇ ਬੋਲ ਬਾਲੇ ਰਹੈਂ ਕਾਲੇ ਕੇਸ ਵਾਲੇ ਕੇ॥ ੪੪੫॥

ਸਵੈਯਾ ਕ
ਇਹ ਕਜੋਂ ਨ ਲੂਟੈਂ ਬਹੁ ਮੌਜਨ ਕੋ ਲਖ ਫੌਜਨ ਕੇ ਸਜ ਸਾਜ ਸਜੀਲੇ।
ਹਥ ਚਾਰ ਪਦਾਰਥ ਭੋਗਤ ਹੈਂ ਗੁਰੁ ਲਾਡਲ ਪੂਤ ਸੁ ਛੈਲ ਛਬੀਲੇ॥
ਬਢ ਤੋ ਜਗ ਤੇਜ ਪ੍ਰਤਾਪ ਦਿਨੋ ਦਿਨ ਜੰਗ ਬਲੀ ਰਿਸ ਰੰਗ ਰੰਗੀਲੇ।
ਜਿਨ ਪੈ ਨਿਤ ਰੱਛਕ ਆਪ ਖੜੇ ਪ੍ਰਭੂ ਸ੍ਰੀ ਗੁਰੁ ਗੋਬਿੰਦ ਸਿੰਘ ਹਠੀਲੇ॥ ੪੪੬॥

## ਕਬਿੱਤ

ਸ੍ਰੀ ਗੋਬਿੰਦ ਸਿੰਘ ਮਹਾਰਾਜ ਜੂ ਵਿਨੋਦੀ ਨਾਥ
ਲੈਕੇ ਪੰਥ ਗੋਦੀ ਮੈਂ ਲਡਾਵੈਂ ਜਜੋਂ ਸੁ ਬਾਲ ਕੋ।
ਦੇਵੈਂ ਮਤਿ ਊਚੀ ਮਨ ਨੀਵਾਂ ਔਰ ਗਰੀਬੀ ਚਾਲ
ਦੇਵੈਂ ਪ੍ਰਾਤਕਾਲ ਮੈਂ ਸਨਾਨ ਸੁਧਾ ਤਾਲ ਕੋ॥
ਰੀਤਿ ਦੇਵੈਂ ਨੀਤ ਦੇਵੈਂ ਪ੍ਰੀਤਿ ਔ ਪ੍ਰਤੀਤਿ
ਦੇਵੈਂ ਰਾਗ ਰੰਗ ਗੀਤ ਦੇਵੈਂ ਮੀਤ ਦੇਵੈਂ ਨਾਲ ਕੋ।
ਨਾਮ ਦੇਵੈਂ ਗਾਮ ਦੇਵੈਂ ਦਾਮ ਦੇਵੈਂ ਧਾਮ ਦੇਵੈਂ

1 to 113 {Nirmal Parbhakar} 114 to 222 {Sikhi Parbhakar}
D: (Billu) Giani G (H Sahib) {189}

ਸਾਂਤਕੀ ਸੁ ਬਾਮ ਦੇਵੈਂ ਏਕ ਏਕ ਲਾਲ ਕੋ ॥ ੪੪੭ ॥

ਭਾਰੀ ਧੂਮ ਧਾਮ ਸੌਂ ਹਢਾਈ ਧਾਂਕ ਧੌਂਸਨ ਕੀ
ਝੁੰਡਨ ਕੀ ਝੂਲਨ ਸੋ ਬੋਲਤੇ ਨਕੀਬ ਰਹੈਂ ।
ਗਾਲਬ ਗਨੀਮਨ ਕੇ ਗੋਲਨ ਪੈ ਗੋਲੇ ਹਨ
ਗਜੈ ਗਾਢ ਗਾਢੇ ਖੁਸੀ ਦੇਵਤੈ ਗਰੀਬ ਰਹੈਂ ॥
ਗਾਯਕ ਪਰਬੀਨ ਵੈਦ ਜੋਤਸ਼ੀ ਮਹੰਤ ਸੰਤ
ਪੰਡਿਤ ਕਵੀ ਸੁ ਮਾਨ ਪਾਵਤੇ ਸਦੀਵ ਰਹੈਂ ।
ਸ੍ਰੀ ਗੋਬਿੰਦ ਸਿੰਘ ਜੂ ਕੇ ਲਾਡਿਲੇ ਛਬੀਲੇ ਛੈਲ
ਖਾਲਸੇ ਰੰਗੀਲੇ ਪਯਾਰੇ ਏ ਤੌਂ ਚਿਰੰਜੀਵ ਰਹੈ ॥ ੪੪੮ ॥
ਸਾਜੀ ਰਹੈ ਸੌਂਜ ਸਾਰੀ ਫੌਜ ਭੌਂ ਸਨਧ ਬਧ
ਹੀਯੇ ਹੌਂਜ ਮੌਂਜ ਪੂਰੇ ਦੀਨਨ ਪੈ ਢਰੇ ਰਹੈਂ ।
ਭੀਮ ਗੁੜਾ ਕੇਸ਼ ਪੌਨ ਪੂਤ ਸੇ ਪਰਚੰਡ ਜੋਧੇ
ਦੂਜਨ ਕੀ ਛਾਤੀ ਪਰ ਗਾਢੇ ਪਾਯ ਧਰੇ ਰਹੈਂ ॥
ਭਾਰੀ ਭਓ ਭੌਨਨ ਮੈ ਭਾਮਨੀ ਸਜੋ ਭਾਂਤਿ ਭਾਂਤਿ
ਭੋਗੈ ਭਲ ਭੋਗਨ ਕੋ ਭ੍ਰਾਜੈ ਭਾਗ ਭਰੇ ਰਹੈਂ ॥
ਬਾਂਕੇ ਬੀਰ ਖਾਲਸੇ ਛਵੀਲੇ ਗੀਰ ਵਾਨ ਤਰੂ
ਈਸ ਕ੍ਰਿਪਾ ਹਰੇ ਰਸੈ ਫੂਲੇ ਰਸੇ ਫਰੈ ਰਹੈਂ ॥ ੪੪੯ ॥

ਵਾਹਿਨ ਸਿੰਘਾਰੇ ਰਹੈ ਵਾਜਤੇ ਨਗਾਰੇ ਰਹੈਂ
ਦੂਜਨ ਡਰਾਰੇ ਰਹੈਂ ਭਾਗੇ ਭੀਮ ਰਾਹਕੇ ।
ਸੰਗਤੈ ਅਬਾਦ ਰਹੈਂ ਆਵਤੇ ਪਰਸਾਦ ਰਹੈਂ
ਲਾਖੌਂ ਅਹਲਾਦ ਰਹੈਂ ਦੇਖਿਯੇ ਉਮਾਹ ਕੇ ॥
ਗਾਦਿਯਾਂ ਅਟਲ ਰਹੈ ਚੌਕਿਯਾਂ ਅਚੱਲ ਰਹੈਂ
ਬੁੰਗੇ ਝਲਾ ਝਲ ਰਹੈਂ ਪੂਰੇ ਉਤ ਸਾਹਕੇ ।
ਲਾਗਤੇ ਦਿਵਾਨ ਰਹੈਂ ਗਾਵਤੇ ਸੁ ਜਾਨ ਰਹੈਂ
ਝੂਲਤੇ ਨਿਸਾਰ ਰਹੈਂ ਸਚੇ ਪਾਤਸ਼ਾਹ ਕੇ ॥ ੪੫੦ ॥

ਈਸ਼ੂਵਰੀ ਕੀ ਛਾਯਾ ਰਹੇ ਸੰਤਨ ਕੀ ਦਾਯਾ ਰਹੈ
ਭੌਨ ਭਰੀ ਮਾਯਾ ਰਹੈ ਯਾਂਹੀ ਮੈਂ ਅਨੰਦ ਹੈ ।
ਆਛੋ ਬਨਯੋ ਗੇਰ ਰਹੈ ਕਾਂਚਨ ਸੀ ਦੇਹ ਰਹੈ

1 to 113 {Nirmal Parbhakar}
114 to 222 {Sikhi Parbhakar}
D: (Billu) Giani G (H Sahib) {190}

ਗਰੰਥ ਨਾਥ ਨੇਹ ਰਹੈ ਪੰਚਮੋ ਸੁ ਛੰਦ ਹੈ ॥
ਪਾਪ ਪੁੰਜ ਛੀਨ ਰਹੈ ਪੁੰਨਯ ਤੌ ਨਵੀਨ ਰਹੈ
ਰਾਜਾ ਰੰਕ ਦੀਨ ਰਹੈ ਜੇਤੋ ਊਚ ਮੰਦ ਹੈ ।
ਪੂਰੋ ਬ੍ਰਿੰਦ ਸਾਜ ਰਹੈ ਇੰਦ੍ਰ ਸੌ ਸਮਾਜ ਰਹੈ
ਤੌਲੈ ਗੁਰੂ ਰਾਜ ਰਹੈ ਜੌਲੌਂ ਭਾਨੁ ਚੰਦ ਹੈਂ ॥ ੪੫੧ ॥

ਛਪਯ
ਯਾਵਤ ਰਮਾ ਸੁਹਾਗ ਸੰਭੁ ਸਿਰ ਗੰਗ ਸੁ ਲਹਰਤ ।
ਯਾਵਤ ਵਸਤਿ ਵਿਕੁੰਠ ਨਿਖਲ ਬ੍ਰਹਮੰਡਨ ਦਹਰਤ ॥
ਯਾਵਤ ਤੱਤ ਵਿਭਾਗ ਪਰਸ ਪਰ ਏਕ ਨ ਹ੍ਵੈ ਹੈ ।
ਯਾਵਤ ਤ੍ਰਿ ਗੁਨ ਪਰਕਾਸ ਸਕਤਿ ਜਗ ਦੀਸੂਰ ਦ੍ਵੈ ਹੈ ॥
ਇਹ ਲਲਿਤ ਪੰਥ ਸ੍ਰੀ ਖਾਲਸਾ ਤਾਵਤਾ ਸਮਯ ਪਰਯੰਤ ਭਲ ।
ਯਸ ਓਜ ਪਰਤਾਪ ਅਖੰਡ ਯੁਤ ਗਰਜਯ ਪ੍ਰਭੁ ਦਸਮੇਸ ਬਲ ॥ ੪੫੨ ॥

## ਅਬ ਸ੍ਰੀ ਨੀਲ ਵਰਣਾਂ ਬਰ ਧਾਰੀਨ ਕੋ ਪ੍ਰਸੰਗ ਕਰਨਨੰ

ਦੋਹਿਰਾ
ਵੰਦੌ ਸ੍ਰੀ ਪ੍ਰਭੁ ਜਗਤ ਪਤਿ ਸਬ ਕਰ ਪਰਾਨ ਅਧਾਰ ।
ਜੱਹਿ ਪਦ ਪਦਮ ਪੁਨੀਤ ਪ੍ਰਤਿ ਵਿਧਿ ਹਰਿ ਸੰਭੁ ਜੁਹਾਗ ॥ ੪੫੩ ॥

ਛਪਯ
ਸ੍ਰੀ ਨਾਨਕ ਜਗ ਦੀਸ ਪਰਮ ਗੁਰੁ ਅੰਗਦ ਅਦਭੁਤ ।
ਅਮਰ ਦਾਸ ਜਨ ਅਮਰ ਪਰਮੁਦ ਪ੍ਰਦ ਰਾਮ ਦਾਸ ਉਤ ॥
ਅਰਜਨ ਹਰਿ ਗੋਬਿੰਦ ਨਾਥ ਹਰਿ ਰਾਯ ਜੋਤਿ ਰਵਿ ।
ਸ੍ਰੀ ਕ੍ਰਿਸਨ ਪ੍ਰਤੱਛ ਕ੍ਰਿਸਨ ਮਤਿ ਲਲਿਤ ਨਵਲ ਛਵਿ ॥
ਗੁਰੁ ਤੇਗ ਬਹਾਦਰ ਧਰਮ ਧਰ ਤੇਜ ਪੁੰਜ ਗੋਬਿੰਦ ਹਰਿ ।
ਤਦ ਵੰਦੌ ਸਬ ਕਰ ਧਯਾਨ ਜੱਹਿ ਸਿੰਘ ਪ੍ਰਬੱਲ ਅਗਯਾਨ ਕਰਿ ॥ ੪੫੪ ॥

ਸੋਰਠਾ
ਸ੍ਰੀ ਗੁਰੁ ਗਰੰਥ ਪਰਨਾਮ ਪ੍ਰਗਟ ਤੇਜ ਨਰ ਕੇਸਰੀ ।
ਲਖ ਨਿਜ ਧਰਮ ਲਲਾਮ ਕਿਯਸਿ ਰੱਛ ਰਿਪੁ ਘੋਰ ਕਲਿ ॥ ੪੫੫ ॥

1 to 113 {Nirmal Parbhakar}
114 to 222 {Sikhi Parbhakar}
D: (Billu) Giani G (H Sahib) {191}

ਦੋਹਿਰਾ
ਸ੍ਰੀ ਸੋਭਾ ਹਰਿ ਪਰਮ ਗੁਰੁ ਚਤੁਰ ਵਦਨ ਅਵਿਤਾਰ।
ਰਾਜ ਯੋਗ ਧਰ ਸਕਤਿ ਨਿਧਿ ਤਹਿ ਪਦ ਪਦਮ ਜੁਹਾਰ॥ ੪੫੬॥

ਛਪਯ
ਚਤੁਰ ਬਯੂਹ ਅਵਿਤਾਰ ਦਸਮ ਗੁਰੁ ਸੰਤ ਸੁ ਨਾਯਕ।
ਸ੍ਰੀ ਸਾਹਿਬ ਸਿੰਘ ਭੁਕਤਿ ਭਲ ਮੁਕਤਿ ਪਰ ਦਾਯਕ॥
ਯੋਗੀ ਪਤਿ ਨਿਜ ਮਗਨ ਪ੍ਰਗਟ ਗੁਰੁ ਭਾਗ ਸਿੰਘ ਜਸ।
ਸਰਬ ਸਕਤਿ ਸੰਯੁਤਿ ਵਿਦਤ ਗੁਰੁ ਬੀਰ ਸਿੰਘ ਤਸ॥
ਪ੍ਰਭੁ ਸਤ ਗੁਰੁ ਸ੍ਰੀ ਯਸਵੰਤ ਹਰਿ ਗਾਢਿ ਭੂਮਿਕਾ ਦਤਵਤ।
ਸੁਚ ਸਲ ਕਰ ਚਰਨ ਸਰੋਜ ਰਜ ਭਭ ਰੁਜ ਭੇਖਜ ਕਲੁਖ ਹਤ॥ ੪੫੭॥

ਦੋਹਿਰਾ
ਰਾਮਾਦਿਕ ਕ੍ਰਿਸਨਾਦਿ ਜਸ ਚਤੁਰ ਚਤੁਰ ਭੇ ਰੂਪ।
ਤਸ ਕਲਿ ਧਰਮ ਮ੍ਰਯਾਦ ਹਿਤ ਪ੍ਰਭੁ ਇਹ ਪਰਮ ਅਨੂਪ॥ ੪੫੮॥

ਛਪਯ
ਪਣਵਉ ਪ੍ਰਿਥਮ ਪਰਮੋਦ ਪ੍ਰਭੂ ਪੰਥ ਸੁਖਦ ਸਦ।
ਵੰਦੱਉ ਵਹੁਰ ਵਿਨੋਦ ਵਿਸਦ ਬੁਧ ਅਤਿ ਰਤਿ ਗੁਰੁ ਪਦ॥
ਨਮਸਕਾਰ ਵਹੁ ਵਾਰ ਅਹਿਤ ਚਿੱਤ ਗ੍ਰਹ ਬਿਤ ਸੁਤ ਤ੍ਰਿਯ।
ਜੁਗ ਹਥ ਜੋਰ ਜੁਹਾਰ ਸੁ ਜਸ ਜਗ ਦੀਸ ਚੰਦਰ ਪ੍ਰਿਯ॥
ਜਗ ਸਕਲ ਸੁ ਕਵਿ ਜਣ ਇਸਟ ਮਮ ਨੁਤ ਪਗ ਰਜ ਭਲ ਭਾਲ ਧਰ।
ਮਗ ਨੀਲ ਵਰਨ ਨਿਰ ਵਰਨ ਨਿਰ ਵਰਨ ਮਤਿ ਵਰਨ ਸੁ ਅਰਥ ਭਰ॥ ੪੫੯॥

ਸੋਰਠਾ
ਸ੍ਰੀ ਅਕਾਲ ਜਦ ਦੀਸ ਵਿਰਚਸਿ ਭਲ ਬ੍ਰਹਮੰਡ ਵਡ।
ਕੱਹ ਕਰ ਦੀਜਉ ਸੀਸ ਚਿੰਤਨ ਕਿਯਸਿ ਤ੍ਰਿਲੋਕ ਪਤਿ॥ ੪੬੦॥

## ਕਬਿੱਤ
ਤੀਨੋ ਲੋਕ ਦੇਵ ਜੇਤੇ ਭੀਰ ਭੇ ਸਭੀਤਿ ਤੇਤੇ
ਜੋਰ ਜੌ ਉਠਾਯ ਲੇਤੇ ਯਾਂਤੇ ਸੇਸ ਕੋ।

1 to 113 {Nirmal Parbhakar}
114 to 222 {Sikhi Parbhakar}
D: (Billu) Giani G (H Sahib) {192}

ਅੰਤ ਕੋ ਅਕਾਲ ਕੋ ਪਰਚੰਡ ਤੇਜ ਪੁੰਜ ਜੋਈ
ਹ੍ਵੈ ਕੈ ਨਾਗ ਰੂਪ ਦੀਨੋਂ ਆਸਰੋ ਅਸੇਸ ਕੋ ॥
ਭਾਰੀ ਬ੍ਹਮੰਡ ਮੁੰਡ ਪੈ ਸੁਧਾਰ ਲੀਨ
ਰਾਈ ਜਯੋ ਸੁਮੇਰੁ ਸ੍ਰਿੰਗ ਬੀਰ ਯਾ ਵਿਸੇਸ ਕੋ ।
ਐਸੋ ਉਪਕਾਰੀ ਕੁੰਦ ਕੀਰਤੀ ਵਿਥਾਰੀ
ਇਸ ਵੰਦਨਾ ਹਮਾਰੀ ਹ੍ਵੈ ਅਸਾਰੀ ਨਾਥ ਸੇਸ ਕੋ ॥ ੪੬੧ ॥
ਚਾਰੋਂ ਵੇਦ ਭੇਦ ਜਾਨੈ ਆਗਮ ਕੋ ਪਾਰ ਗਾਮੀ
ਜੇਤੇ ਨਿਗ ਮਾਂਗ ਔ ਰਾਨ ਕੰਠ ਪਧਾਰੈਂ ।
ਯਾਵਤ ਸੁ ਵਿਦਯਾ ਸਿੰਧੁ ਸੀਲ ਕੋ ਸੁਮੇਰ ਸ੍ਵਾਮੀ
ਸਾਂਤਿ ਕੀ ਬਿਬੇਕੀ ਧੀਰ ਦੈਵੀ ਗੁਨ ਸਾਰੇ ਹੈਂ ॥
ਜੀਹ ਦ੍ਵੈਸ ਹੱਸ੍ਕੈ ਨਵੀਨ ਤੇ ਨਵੀਨ ਨਾਮ
ਲੇਤ ਹੈਂ ਸਦੈਵ ਈਸ ਪੰਥ ਮੈਂ ਪਧਾਰੈਂ ਹੈਂ ।
ਭੀਤਿ ਭੀਮ ਭੋਗਨ ਤੇ ਭਾਗੇ ਭੂਰਿ ਭਾਗਵੰਤ
ਭੂਮਿ ਭਾਰ ਭਾਲਪੈ ਭਗੌਤ ਭਗਤ ਭਾਰੇ ਹੈਂ ॥ ੪੬੨ ॥

ਸਵੈਯਾ
ਕਲ ਕੀਰਤਿ ਕੁੰਦ ਕਪੂਰ ਕਲਾ ਨਿਧਿ ਸ੍ਰੀ ਅਹਿ ਨਾਥ ਮੁਕੰਦ ਉਚਾਰੀ ।
ਦਸ ਹੂੰ ਦਿਸ ਦੀਹ ਪਰਕਾਸ ਭਵਾ ਨਿਜ ਦੇਹ ਅਲੌਕਿਕ ਧੀ ਸਿਤ ਸਾਰੀ ॥
ਤਤ ਸਿੰਧੁ ਪ੍ਰਸਿੱਧ ਸੁਧਾ ਦੁਗਧਾਦਿਕ ਛੀਰਧਿ ਬੋਲ ਭਨੈ ਬੁਧ ਝਾਰੀ ।
ਵਸ ਪ੍ਰੀਤਿ ਮੁਖਾਂਬੁਜਕੇ ਢਿਗਦੈ ਸ੍ਰਤਿ ਸ੍ਰੋਤ ਸੁਨੈ ਜਸ ਆਪ ਮੁਹਾਰੀ ॥ ੪੬੩ ॥

ਦੋਹਿਰਾ
ਸੁੰਦਰ ਸੀਮ ਸਹਸ੍ਰ ਸੁਭ ਮਣਿ ਧਰ ਲਲਿਤ ਪ੍ਰਕਾਸ ।
ਜਨ ਭਗਵੰਤ ਸੁ ਨਾਮ ਨਿਧਿ ਪੂਰਿ ਅਤਿ ਭੋਗ ਵਿਲਾਸ ॥ ੪੬੪ ॥

## ਕਬਿੱਤ
ਇੰਦ੍ਰ ਆਦਿ ਬ੍ਰਿੰਦ ਦੇਵ ਬੂਝੈ ਕੌ ਨ ਗੂਢ ਭੇਵ
ਸਾਂਝ ਭੋਰ ਠਾਂਢੇ ਸੇਵ ਦੀਨ ਹ੍ਵੈ ਕਰਤ ਹੈਂ ।
ਜੱਛ ਧਨਾ ਸੀਸ ਕੇਤੇ ਗੰਧਰਬ ਪਰਬੀਨ ਜੇਤੇ
ਚਾਰਨ ਜੋ ਤਤ ਬੇਤੇ ਕੀਰਤੀ ਰਰੱਤ ਹੈ ॥

ਆਠੋ ਕੁੰਟ ਰੱਛ ਵਾਰੇ ਭਿੰਨ ਭਿੰਨ ਸਾਂਪ ਸਾਰੇ
ਦੈਂਤ ਜੇ ਪਰਚੰਡ ਭਾਰੇ ਭੇਟ ਕੇ ਭਰਤ ਹੈਂ।
ਪ੍ਰੀਤਿ ਸੇ ਲੁਠਾਤ ਮੁੰਡ ਗਾਵਤੇ ਪਰਸੰਸ ਤੁੰਡ
ਸਿੱਧ ਚਿਰੰਜੀਵ ਝੁੰਡ ਭਾਵਰੀ ਭਰਤ ਹੈ ॥ ੪੬੫ ॥

ਦੋਹਿਰਾ
ਯਦਿ ਸੁਰ ਨਰ ਮੁਨਿ ਬਹੁਤ ਭੇ ਇਕ ਸਨ ਏਕ ਪਰਬੀਨ।
ਕਵਿਤਾ ਸੁਧਾ ਪ੍ਰਵਾਹ ਅਤਿ ਜਗਤ ਵਿਦਤ ਪ੍ਰਭੁ ਕੀਨ ॥ ੪੬੬ ॥

ਸੋਰਠਾ
ਪਿੰਗਲਾ ਚਾਰਜ ਰੂਪ ਧਰ ਪ੍ਰਭ ਸ੍ਰੀ ਅਹਿ ਮੁਕਟਿ ਮਣਿ।
ਬ੍ਰਿੰਤ ਸੁਠ ਰਤਨ ਅਨੂਪ ਕ੍ਰਿਤ ਪਰਸ ਤਾਰ ਸੁ ਭੇਗ ਬਹੁ ॥ ੪੬੭ ॥

ਸਵੈਯਾ
ਸਬਦਾ ਗਮ ਸਿੱਧ ਪ੍ਰਯੋਗ ਰਟੇ ਸੁਠ ਛੰਦ ਪ੍ਰਵੰਦ ਮਰਯਾਦ ਵਖਾਨੀ।
ਅਤਿ ਮੰਜੁਲ ਮੀਠ ਪ੍ਰਿਯਾ ਸਬ ਕੋਬਹੁ ਭਾਵ ਭਰੀ ਸੁ ਭਨੀ ਅਹਿ ਵਾਨੀ ॥
ਕਵਿਤਾ ਬਿਧਿ ਆਦਿ ਅਚਾਰਜ ਭੇ ਮੁਨਿ ਬ੍ਰਿੰਦ ਜਿਤੇ ਪ੍ਰਭੁ ਸੇ ਪਹਿਚਾਨੀ।
ਗੁਨ ਸਾਗਰ ਧੀਰ ਉਜਾਗਰ ਨਾਗਰ ਮੋਰਸ-ਨਾਗਰ ਹ੍ਵੈ ਮੁਦ ਦਾਨੀ ॥ ੪੬੮ ॥

ਕਬਿੱਤ
ਹ੍ਵੈ ਕੇ ਛੋਟੋ ਭ੍ਰਾਤ ਰਾਮ ਕੀਨੇ ਨੀਕੇ ਦਾਸ
ਕਾਮ ਲੀਨੀ ਸਾਮ ਆਠੋ ਜਾਮ ਧਾਰਕੈ ਪ੍ਰਤੀਤਿ ਕੋ।
ਆਯੇ ਜੋ ਅਰੰਨ ਨਾਥ ਆਪਦਾ ਸਹਾਰੀ ਸਾਧ
ਰੈਨ ਦਯੋਸ ਜੋਰ ਹਾਥ ਕੈਕੈ ਭਾਰੀ ਭੀਤਿ ਕੋ ॥
ਯਾਵਤ ਸੁ ਸੇਵ ਸਾਰੀ ਮੂਡ ਪੈ ਸਦੀਵ ਧਾਰੀ
ਆਪ ਨਿਰਾ ਹਾਰੀ ਬ੍ਰਹਮ ਚਾਰੀ ਲੈਕੈ ਰੀਤਿ ਕੋ।
ਜੀਤ ਕੈ ਗੁੜਾਕ ਚਾਪ ਐਂਚ ਕੇ ਕੜਾਕ ਬੀਰ
ਧੂੰਸ ਕੈ ਤੜਾਕ ਸਤ੍ਰ ਸਿੰਧੁ ਓਜ ਨੀਤਿ ਕੋ ॥ ੪੬੯ ॥
ਵਾਹੀ ਸੇਵਾ ਪਰੇਮ ਕੇ ਅਧੀਨ ਹ੍ਵੈ ਪਰਮੋਦ ਨਾਥ
ਹੂਯੇ ਛੋਟ ਵੈਸ ਜੇਠ ਭ੍ਰਾਂਤ ਜੂ ਬਨਾਯ ਕੈ।
ਦੀਨੋ ਹੈ ਨਿਜਾਪ ਰਾਮ ਨਾਮ ਤੌਂ ਬਢਾਯ ਬੇਸ

1 to 113 {Nirmal Parbhakar}
114 to 222 {Sikhi Parbhakar}
D: (Billu) Giani G (H Sahib) {194}

ਕੀਨੋ ਹੈ ਵਿਸੇਸ ਮਾਨ ਪ੍ਰੀਤਿ ਕੋ ਜਨਾਯ ਕੈ ॥
ਕੈ ਕੈ ਖੰਡ ਖੰਡ ਖੰਡ ਕੇ ਪਰਚੰਡ ਬੀਰ
ਦੈ ਕੈ ਦੰਡ ਛੰਡ ਕੇਤੇ ਮਾਰ ਤੰਡ ਤਾਯ ਕੈ ।
ਜੋਧੇ ਭੀਮ ਭਾਰੀ ਮਦਯ ਮਾਂਸਕੇ ਅਹਾਰੀ ਧੀਰ
ਧਾਰੀ ਹੈਂ ਸੁ ਨੀਲ ਕੇ ਵਿਹਾਰੀ ਮੌਜ ਪਾਯ ਕੈ ॥ ੪੭੦ ॥

ਸੋਈ ਸੇਸ ਨਾਗ ਜੂ ਗੁਨਾਨ ਕੋ ਤੜਾਗ ਦੀਹ
ਭਾਰੋ ਭਾਗ ਬਾਂਕੋ ਬਾਗ ਰਾਗਕੇ ਕਲਾਪ ਕੋ ।
ਸ੍ਰੀ ਗੋਬਿੰਦ ਸਿੰਘ ਤੀਨੋ ਲੋਕ ਨਾਥ ਜੂਕੇ
ਧਾਮ ਹ੍ਵੈ ਕੈ ਛੋਟ ਪੂਤਨੇਹ ਛੋਰਯੋ ਨਾ ਮਿਲਾਪ ਕੋ ॥
ਦੀਨ ਬੰਧੁ ਥੋਰੀ ਵੈਸ ਰੂਪ ਤੌਂ ਅਨੂਪ ਗੌਰ
ਆਯੁਧ ਪਰਬੀਨ ਧਾਰਯੋ ਬੇਸ ਬਾਨ ਚਾਪ ਕੋ ।
ਧੂੰਸ ਕੈ ਮਲੈਛ ਝੁੰਡ ਸ੍ਰੋਣਤ ਕੇ ਪੂਰੇ ਕੁੰਡ
ਤੋਰੇ ਰੁੰਡ ਮੁੰਡ ਤੁੰਡ ਮੰਡ ਕੈ ਪਰਤਾਪ ਕੋ ॥

ਦੋਹਿਰਾ
ਨਯਨ ਨੀਰ ਰਿਪੁ ਤ੍ਰਿਯਨ ਕੋ ਅਸਟਪ ਸਿੰਧੁ ਲਲਾਮ ।
ਕਿਯਸਿ ਫਤਹ ਦਸ ਦਿਸਨਕੋ ਫਤਹ ਸਿੰਘ ਸੁਭ ਨਾਮ ॥ ੪੭੧ ॥

ਸਵੈਯਾ
ਪਟ ਨੂਤਨ ਨੀਕ ਅਮੋਲ ਸਜੇ ਕਲਗੀ ਸੁ ਜਿਗਾਦੁਤਿ ਧਾਯ ਰਹੀ ਹੈਂ ।
ਮਣਿ ਕੰਚਨ ਕੇ ਭਲ ਭੂਖਨ ਸੌ ਨਖ ਤੇ ਸਿਖ ਲੌਂ ਛਾਵਿਛਾਯ ਰਹੀ ਹੈ ॥
ਚਢ ਸਾ ਯੁਧ ਬੇਗ ਤੁਰੰਗ ਘਨੇ ਮੁਦ ਕਾਮ ਸੁ ਆਂਖ ਲਜਾਯ ਰਹੀਂ ਹੈ ।
ਮਨ ਮੋਹਨ ਮੂਰਤਿ ਸੁੰਦਰ ਸੂਰਤ ਮੇ ਉਰ ਬੀਚ ਸਮਾਯ ਰਹੀ ਹੈਂ ॥ ੪੭੨ ॥

## ਕਬਿੱਤ
ਸਾਹਿਬ ਸੁ ਫਤੇ ਸਿੰਘ ਨਾਮ ਹੈ ਪਰਸਿਧ ਲੋਕ
ਰਾਗਨ ਕੋ ਰੂਪ ਦੀਨ ਮਾਲਿਕ ਸੁ ਜਾਨ ਹੈਂ ।
ਸਾਂਤਿਕੀ ਪੁਨੀਤ ਗੰਗ ਵਾਣੀ ਚੀਤ ਜੇਤੋ ਅੰਗ
ਦਾਤੋ ਮੋਖ ਜਾਂਕੋ ਸੰਗ ਗ਼ਯਾਨ ਕੇ ਨਿਧਾਨ ਹੈਂ ॥
ਯਾਵਤ ਸੁ ਵਿਦਯਾ ਨੀਕ ਕੰਠ ਸੇਂ ਵਖਾਨੈ ਠੀਕ

ਲਾਂਘ ਹੈਂ ਨ ਧਰਮ ਲੀਕ ਬੀਰ ਮੈਂ ਪਰਮਾਨ ਹੈਂ।
ਰੱਛਕੈ ਗਰੀਬ ਗੋ ਪ੍ਰਤੱਛਕੈ ਪਰਚੰਡ ਤੇਜ
ਭਛ ਕੈ ਗਨੀਮ ਓਜ ਅੱਛ ਮੌਜਮਾਨ ਹੈਂ॥ ੪੭੩॥

ਧਰਮ ਕੇ ਸੁ ਧੌਲ ਧਾਮ ਧੀਰ ਤਾਕੇ ਧਰਾ ਧਰ
ਧਾਰਾ ਧਰ ਮੋਦ ਸੌ ਵਿਨੋਦ ਬਰਸਤ ਹੈਂ।
ਸੋਹਨੇ ਸਜੀਲੇ ਰਾਗ ਰੰਗ ਮੈਂ ਰੰਗੀਲੇ ਨੈਨ
ਬਾਂਕਰੇ ਛਵੀਲੇ ਛੈਲ ਮੌਜ ਦਰਸਤ ਹੈਂ॥
ਸੰਤਨ ਸੌ ਆਛੋ ਮੇਲ ਮੀਤਨ ਸੌ ਹਾਸੀ ਖੇਲ
ਦੂਤਨ ਸੌ ਠੇਲਾ ਠੇਲ ਸੇਲ ਸਰ ਸਤ ਹੈਂ।
ਸ੍ਰੀ ਗੋਬਿੰਦ ਸਿੰਘ ਜੂ ਕੇ ਲਾਡੁਲੇ ਸੂ ਪੂਤ ਜੋਧੇ
ਫਤੇ ਸਿੰਘ ਨਾਮ ਜੇਈ ਜਾਪੈ ਹਰ ਸਤ ਹੈਂ॥ ੪੭੪॥
ਫਤੇ ਸਿੰਘ ਨਾਮ ਯਾਕੋ ਧਾਰੋ ਹੀਯੇ ਧਯਾਨ
ਵਾਂਕੋ ਐਸੋ ਹਠ ਵਾਲਾ ਕਾਕੋ ਦੇਖਿਯੇ ਵਿਚਾਰ ਕੈ।
ਦੀਨੋ ਹੈ ਮਲੇਛਨ ਕੋ ਭ੍ਰਾਤਨ ਸਮੇਤ ਸੀਸ ਕੀਨੋ
ਹੈਂ ਸੁ ਥਾਪ ਧਰਮ ਹਿੰਦ ਕੋ ਵਿਥਾਰ ਕੈ॥
ਭਾਰੀ ਵਾਦ ਸਾਹੀ ਐਂਚ ਮੂਲ ਸੇਂ ਉਪਾਰੀ ਸਾਰੀ
ਡਾਰੀ ਸਿੰਧੁ ਖਾਰੀ ਟਾਰੀ ਸਫਾਂ ਤੇਜ ਧਾਰ ਕੈ॥
ਕੀਰਤੀ ਅਕਾਲ ਕੀ ਪਰਕਾਸ ਕੈ ਚਹੂੰਘਾਂ ਚਾਰੂ
ਸੰਗ ਤੈਂ ਉਧਾਰ ਕੈ ਉਡਾਯ ਪਾਪ ਛਾਰ ਕੈ॥ ੪੭੫॥

ਬਤੀਸਾ ਅੰਤ ਗੁਰੂ ਦੰਡਿਕਾ
ਦੇਵਨ ਕੇ ਧਾਮ ਧੂਲਿ ਧੂੰਸਨਕੈ ਧੇਨੁਨ ਕੋ ਧਾਰਾ ਧਰ ਧ੍ਰੋਹ ਧੂਮ ਧਆਮ ਕਲੂ ਧਾਂਕ ਪਰਾ।
ਸਾਹਿਬ ਸੁਜਾਨ ਫਤੇ ਸਿੰਘ ਦੇਗ ਤੇਗ ਧਨੀ ਦੇਤ ਜੌਨ ਭ੍ਰਾਤਨ ਸੌ ਸੀਸ ਕੈਕੈ ਪੁੰਨ ਹਰਾ॥
ਚਾਰੋਂ ਦਿਸਾ ਸਿੰਧੂ ਲੌ ਅਭਾਵ ਕੈ ਮ੍ਰਿਯਾਦ ਹਿੰਦ ਬ੍ਰਿੰਦ ਊਚ ਨੀਚਨ ਮੈਂ ਫੈਲਤੀ ਮਲੇਛ ਸਰਾ।
ਸਰਮ ਲੋਪ ਹੋਤੀ ਵੇਦ ਮ੍ਰਮ ਕੋ ਨ ਪਾਤੇ ਧੀਰ ਕ੍ਰਮ ਤੌ ਪਲਾਤੇ ਬਜੋਮ ਧਰਮ ਧਸ ਜਾਤੋ ਧਰਾ॥ ੪੭੬॥

**ਕਬਿੱਤ**

ਟੀਕੇ ਸੋਢ ਪੰਸਕੇ ਪਰਸੰਸ ਕੈ ਜੁਹਾਰੈ ਦੇਵ

1 to 113 {Nirmal Parbhakar}
114 to 222 {Sikhi Parbhakar}
D: (Billu) Giani G (H Sahib) {196}

ਪੂਜਨੀਯ ਲੋਕ ਮੈ ਸੁ ਫਤੇ ਸਿੰਘ ਨਾਮ ਹੈਂ।
ਓਜ ਕੋ ਪਹਾਂਰ ਹੈਂ ਕਿ ਬੁਧਿਕੇ ਅਗਾਰ ਭਾਰੀ
ਮੋਦਕੇ ਭੰਡਾਰ ਹੈਂ ਕਿ ਕਾਮਿਨੀ ਕੋ ਕਾਮ ਹੈਂ॥
ਭਾਵ ਨ ਮਦਾਰ ਹੈਂ ਕਿ ਮੋਖਕੇ ਭ ਤਾਰ ਪੁੰਨ
ਪੌਧਾ ਕੇ ਕਿਦਾਰ ਹੈਂ ਕਿ ਪਾਪ ਜਾਡੋ ਘਾਮ ਹੈ।
ਸੀਲ ਕੇ ਸੁਮਾਰ ਹੈਂ ਵਿਚਾਰ ਕੇ ਅਕਾਰ ਸਾਰ
ਧਰਮ ਕੇ ਅਧਾਰ ਹੈਂ ਅਪਾਰ ਤੇਜ ਧਾਮ ਹੈਂ॥ ੪੭੭॥

ਰਜ਼ਮ ਬਜ਼ਮ ਚੁਸਤ ਸੂਰਤ ਤਮਾਮ ਜਹਾਂ
ਕੋਹ ਕਰਾਮਾਤ ਪਾਕ ਪੀਰਨ ਕੇ ਪੀਰ ਹੈਂ।
ਆਜ਼ਮ ਅਜ਼ੀਮ ਹੈਂ ਰਹੀਮ ਹੈਂ ਨ ਬੀਮ ਜ਼ਰਾ
ਰਾਜ਼ਕ ਰਹੀਮ ਹੈਂ ਕਰੀਮ ਹੈਂ ਕਬੀਰ ਹੈਂ॥
ਆਜ਼ਜ਼ ਨਿਵਾਜ ਖੂਨੀ ਗਾਲਬ ਗੁਦਾਜ਼ ਖੂਬ
ਦੇਗ ਤੇਗ ਵਾਲੀ ਜੇਬ ਆਲਮ ਅਮੀਰ ਹੈਂ।
ਫਾਜ਼ਲ ਫਜ਼ੀਲ ਤਮ ਆਬ ਦੀਨ ਦੁਨੀ ਤਾਜ
ਸਾਹਿਬ ਜਿ ਭਤੇ ਸਿੰਘ ਰੋਸ਼ਨ ਜ਼ਮੀਨ ਹੈਂ॥ ੪੭੮॥

ਜ਼ਾਹਿਰ ਜ਼ਹੂਰ ਹੈਂ ਕਿ ਹਾਜ਼ਰ ਹਜ਼ੂਰ ਹੈਂ
ਕਿ ਮਾਲਕ ਸਊਰ ਹੈਂ ਸ਼ਰੀਅਤ ਜ਼ਹੀਰ ਹੈਂ।
ਸ਼ੀਰੋ ਫਰਜ਼ੰਦ ਕੇ ਦਿਹੰਦ ਹੈਂ ਬੁਲੰਦ ਅਤਾਂਈ ਮਾਂ
ਬਖਸ਼ਿੰਦ ਵੋਜਦੰਦ ਜੇ ਸਰੀਰ ਹੈਂ॥
ਗਾਫਲ ਖਰਾਸ ਹੈਂ ਹਕੀਕਤ ਸ਼ਨਾਸ ਖੂਬ
ਸਾਹਵੇ ਸੁਖਾਸ ਹੈਂ ਗਰੀਬ ਦਸਤਗੀਰ ਹੈਂ।
ਫਾਜ਼ਲ ਫਜ਼ੀਲ ਤਮ ਆਬ ਦੀਨ ਦੁਨੀ ਤਾਜ
ਸਾਹਿਬ ਜਿ ਫਤਹਿ ਸਿੰਘ ਰੌਸਨ ਜ਼ਮੀਨ ਹੈਂ॥ ੪੮੦॥
ਦੌਲਤ ਫਿਜਹਿ ਹੋਇ ਸਾਹਚੀਂ ਫਿਰਾਜ ਦਿਲ
ਗਾਫਲ ਗੁਦਾਜ਼ ਬੇ ਨਯਾਜ਼ਬਾ ਬਸੀਰ ਹੈਂ।
ਆਲਿਮ ਇਲਮ ਕਾਂਨ ਯਜ਼ਦਾਂ ਪਿਸਰ ਜਾਨ
ਬਾਲ ਫਰਮਾਨ ਅਮਾਂ ਆਲਾਵੇ ਮੁਨੀਰ ਹੈ॥
ਦਸਤ ਫੈਈਯਾਜ਼ ਐਸ ਮੌਜ਼ੈ ਬਖਸ਼ਿੰਦ ਖੇਸ
ਪਰੀ ਦੇਵ ਜਿੰਨ ਬੀਮ ਆਜ਼ਜ ਅਸੀਰ ਹੈਂ।

1 to 113 **{Nirmal Parbhakar}**
114 to 222 **{Sikhi Parbhakar}**
D: (Billu) Giani G (H Sahib) {197}

ਫਾਜ਼ਲ ਫਜ਼ੀਲ ਤਮ ਆਬ ਦੀਨ ਦੁਨੀ ਤਾਜ
ਸਾਹਿਬ ਜਿ ਫਤਹਿ ਸਿੰਘ ਰੋਸ਼ਨ ਜ਼ਮੀਨ ਹੈਂ ॥ ੪੯੧ ॥

ਕਾਮਲ ਕਲਾਮ ਖੇਸ਼ ਆਲਮ ਕਮਾਲ ਕੇਸ
ਖਾਲਕ ਹਮੇਸ ਮੇਸ ਦਾਨਸ ਪਜ਼ੀਰ ਹੈਂ।
ਕਾਫਰ ਮਲੇਛ ਕੌਮ ਹੇਜ਼ਮ ਅੰਬਾਰੁ ਬੂਮ
ਆਤਸ਼ ਬੁਲੰਦ ਸਖਤ ਜੋਸ਼ ਬੈ ਨਜ਼ੀਰ ਹੈਂ ॥
ਦੀਦਨੇ ਮੁਰਾਦ ਦਿਲੇ ਹਾਸਲ ਸ਼ਿਤਾਬੀ ਬੂਦ
ਬੰਦਗੀ ਕੁਨੰਦ ਫਰਾਮੋਸ਼ ਵੇ ਹਕੀਰ ਹੈਂ।
ਫਾਜ਼ਲ ਫਜ਼ੀਲਤਮ ਆਬ ਦੀਨ ਦੁਨੀ ਤਾਜ
ਸਾਹਿਬ ਜਿ ਫਤਹਿ ਸਿੰਘ ਰੌਸ਼ਨ ਜ਼ਮੀਰ ਹੈਂ ॥ ੪੯੨ ॥
ਰਾਸਤ ਬਿਗੋਯਦ ਗੁਲਾਮ ਨੌ ਨਿਹਾਲ ਸਿੰਘ
ਬੇਸ਼ਕ ਹਮੇਸ਼ ਮਰਾ ਮਾਲਕ ਅਖੀਰ ਹੈਂ।
ਜ਼ੌਰ ਜਮਾ ਜੇਬ ਗੁਲੇ ਬੋਸਤਾਂ ਬਹਾਰ ਬੇਸ਼
ਫੌਜਆਂ ਜਗੀਰ ਆਂਦ ਬੀਰ ਆਵਜੀਰ ਹੈ ॥
ਮਾਦਰ ਬਿਰਾਦਰ ਪਿਦਰ ਯਾਰ ਖੁੰਦ ਕਾਰੁ
ਜ਼ਿੰਦਗੀ ਵਜੂਦ ਸ਼ੌਕ ਸ਼ਾਹੀ ਅਕਸੀਰ ਹੈਂ ॥
ਫਾਜ਼ਲ ਫਜ਼ੀਲਤਮ ਆਬ ਦੀਨ ਦੁਨੀ ਤਾਜ
ਸਾਹਿਬ ਜਿ ਫਤਹਿ ਸਿੰਘ ਰੌਸ਼ਨ ਜ਼ਮੀਨ ਹੈਂ ॥ ੪੯੩ ॥

ਛਪਯ
ਲਲਿਤ ਸੁ ਕੁੰਚਯ ਕੇਸ ਲਲਿਤ ਭਲ ਮਸਤਕ ਦੁਤ ਅਤਿ।
ਲਲਿਤ ਭ੍ਰਿਕੁਟਿ ਤਮ ਕੁਟਲ ਲਲਿਤ ਮ੍ਰਿਗ ਨਯਨ ਲੁਭ ਧਰਤਿ ॥
ਲਲਿਤ ਸਰਵਨ ਸੁਠ ਸ਼ੀਫ ਲਲਿਤ ਗੰਡ ਸਥਲ ਛਵਿ ਛਿਤ।
ਲਲਿਤ ਪੋਲ ਸੁ ਲੋਲ ਲਲਿਤ ਸੁਰ ਨਾਮ ਚੁਭਿਤ ਚਿਤ ॥
ਵਹੁ ਲਲਿਤ ਅਸਰ ਦਲ ਬਿੰਬਵਤ ਲਲਿਤ ਰਦਨ ਕਲ ਕੁੰਦ ਕਲਿ।
ਕਵਿ ਲਲਿਤ ਸੁਚਿ ਬਕ ਰਸਾਲ ਸੁਭ ਲਲਿਤ ਕਮਲ ਮੁਖ ਅਹੰ ਅਲਿ ॥ ੪੯੪
ਲਲਿਤ ਸੁ ਕੰਠ ਕਪੋਤ ਲਲਿਤ ਭੁਜ ਦੰਡ ਕਮਲ ਕਰ।
ਲਲਿਤ ਉਰੱਸਥਲ ਪਰਬਲ ਲਲਿਤ ਭਾ ਕੂਪ ਨਾਭਿ ਤਰ ॥
ਲਲਿਤ ਲਚਿਕ ਕਚਿ ਲਲਿਤ ਸੁ ਨਿਤੰਬ ਪੋਟ ਛਵਿ।
ਲਲਿਤ ਸੁ ਕਦਲੀ ਜੰਗ ਲਲਿਤ ਅਤ ਜਾਨ ਜੁਗਲ ਕਵਿ ॥

1 to 113 {Nirmal Parbhakar}
114 to 222 {Sikhi Parbhakar}
D: (Billu) Giani G (H Sahib) {198}

ਲਘੁ ਲਲਿਤ ਸੁ ਸੀਸੀ ਪੀਂਡਰੀ ਲਲਿਤ ਸੁ ਗੁਲਫ ਗੁਲਾਬ ਗੁਲ।
ਪਦ ਪਦਮ ਪਰਮ ਪਦ ਲਲਿਤ ਪ੍ਰਦ ਫਤਹ ਸਿੰਘ ਪ੍ਰਭੁ ਕ੍ਰਿਸ਼ਨ ਤੁਲ॥ ੪੮੫॥
ਨਵਲ ਵਯਸ ਭਵਨ ਨਵਲ ਤਨ ਅੰਮ੍ਰਿਤਿ ਮਦਨ ਛਵਿ।
ਨਵਲ ਸੁ ਲਛਨ ਲਲਿਤ ਨਵਨ ਵਰ ਵਰਨ ਪੁਰਟ ਰਵਿ॥
ਨਵਲ ਸੁਵਸਨ ਅਭਰਨ ਸਜਤ ਦੁਤਿ ਕਨਕ ਰਤਨ ਮਯ।.
ਨਵਲ ਸੁ ਆਯੁਧ ਸਜਤ ਨਵਲ ਕ ਭਲ ਭਾਲ ਤੇਜ ਚਯ॥
ਹੈਵ ਨਵਲ ਅਲੰਕ੍ਰਿਤ ਰੁਚਿਰ ਅਤਿ ਨਵਲ ਚਮਰ ਅਦਭੁਤ ਲਸਯ।
ਮਣਿ ਜਟਿਤ ਨਵਲ ਕੰਚਨ ਛਤਰ ਸ੍ਰੀ ਫਤਹ ਸਿੰਘ ਮਮ ਉਰਵਸਯ॥ ੪੮੬॥
ਅਲਪ ਵਯਸ ਵਰ ਵਿਸਦ ਬੁਧਿ ਵਡ ਵਿਦੁਖ ਚਕਿਤ ਚਿਤ।
ਕੰਠਾਗਰ ਗੁਰੁ ਗਰੰਥ ਸੰਸਕ੍ਰਿਤ ਬਿਪੁਲ ਵਿਸਯ ਬਿਤ॥
ਯਾਵਤ ਵਿਦਯਾ ਵਿਮਲ ਚਤੁਰ ਦਸ ਚਤੁਰ ਵਿਦਤ ਜਗ।
ਰਿਧਿ ਸਿਧਿ ਨਿਧ ਨਿਖਲ ਲੁਬਧ ਪਦ ਪਦਮ ਸੁ ਰਜ ਲਗ॥
ਮ੍ਰਿਦ ਮਧੁਰ ਸਰਲ ਸੁਚ ਭਨਤਿ ਭਲ ਭੁਕਤਿ ਮੁਕਤਿ ਪ੍ਰਦ ਭਕਤਿ ਜਨ।
ਮਦ ਮਦਨ ਵਿਮਰਦਨ ਮਦਨ ਛਵਿ ਦੁਸਟ ਵਿਦਮਨ  ਅਗਮਨ ਮਨ॥ ੪੮੭॥

ਸੋਰਠਾ
ਅਲਪ ਵਯਸੱ ਚਹੂੰ ਓਰ ਅਦਭੁਤ ਪ੍ਰਬਲ ਪ੍ਰਤਾਪ ਭਾ।
ਭੇ ਸਬ ਕਰ ਚਿੱਤ ਚੋਰ ਰੁਚਿਰ ਚਰਿਤ੍ਰ ਵਚਿਤ ਧਰ॥ ੪੮੮॥

ਦੋਹਿਰਾ
ਪ੍ਰਭੁ ਅਨੰਤ ਅਵਿਤਾਰ ਕਰ ਗੁਨ ਗਨ ਸਿੰਧੁ ਵਿਸਾਲ।
ਸੁਨਹੁੰ ਸੁ ਬੁੱਧ ਸ੍ਰੀ ਸੋਢ ਵਰ ਲੀਲਾ ਲਲਿਤ ਰਸਾਲ॥ ੪੮੯॥

## ਹੋਲਾ ਮਹਲਾ ਪ੍ਰਸੰਗ

ਸਵੈਯਾ
ਸੁਭ ਏਕ ਸਮੈਂ ਦਸਮੇਸ਼ੂਰ ਸ੍ਰੀ ਗੁਰੁ ਯਾਵਤ ਸੰਗਤਿ ਬ੍ਰਿੰਦ ਬਟੋਰੀ।
ਕਲੈ ਪਿਚ ਕਾਰਨ ਕੇਸਰ ਕਿੰਸਕ ਹ੍ਵੈ ਜੁ ਸੁਰੰਗ ਕਰੈ ਬਰਜੋਰੀ॥
ਅਤਿ ਹਾਸ ਵਿਲਾਸ ਪਰਕਾਸ ਦਸੋਦਿਸ ਡਾਰਤ ਮੂਠ ਗੁਲਾਲ ਸੁ ਝੋਰੀ।
ਮੁਦ ਗਾਵਤ ਗੀਤ ਧਮਾਰ ਗੁਨ ਪ੍ਰਿਯ ਸਿੰਘਨ ਸੌ ਪ੍ਰਭੁ ਖੇਤਲ ਹੋਰੀ॥ ੪੯੦॥

1 to 113 {Nirmal Parbhakar}
114 to 222 {Sikhi Parbhakar}
D: (Billu) Giani G (H Sahib) {199}

1 to 113 {Nirmal Parbhakar}
114 to 222 {Sikhi Parbhakar}

## ਕਬਿੱਤ

ਆਯੋ ਰਿਤੁ ਰਾਜ ਜੁ ਸੁਹਾਯੋ ਹੈ ਜਹਾਨ ਸਾਰੋ
ਛਾਯੋ ਹੈ ਪਰਮੋਦ ਦੁਖ ਏਕ ਹੂੰ ਨ ਤੋਲਾ ਹੈ।
ਸੀਤ ਹੂੰ ਨ ਘਾਂਮ ਤੇਜ ਚੰਦਿਕਾ ਗੁਲਾਬੀ ਦੰਡ
ਸੀਤਲ ਸੁਗੰਦ ਮੰਦ ਪੌਨ ਕੋ ਝਕੌਲਾ ਹੈ॥
ਕੰਜ ਸੇ ਪਰਫੂਲ ਹੂਯੇ ਹੀਯੇ ਜੋ ਪ੍ਰਮਾਨ ਪਜਾਰੀ
ਹੌਂਸਲੇ ਹੁਲਾਸ ਬੀਰ ਚੀਤ ਤੌਂ ਕਲੌਲਾ ਹੈ।
ਦੇਵੀ ਦੇਵ ਸਿੱਧਨ ਕੀ ਲੋਕ ਮੈਂ ਪ੍ਰਸਿੱਧ ਹੋਲੀ
ਸ੍ਰੀ ਗੁਰੂ ਗੋਬਿੰਦ ਸਿੰਘ ਜੂ ਕੋ ਆਜ ਹੋਲਾ ਹੈਂ॥੪੯੧॥

ਕੂਕ ਉਠੀ ਕੋਕਿਲਾ ਕਲਾਪੀ ਮੋਰ ਨਾਚ ਉਠੇ
ਕੀਰ ਔ ਕਪੋਤ ਝੁੰਡ ਬ੍ਰੇਹੀ ਕੋ ਵਿਚੋਲਾ ਹੈ।
ਠੌਰ ਠੌਰ ਨੀਰ ਕੇ ਪਿਯੂਖ ਸੇ ਪ੍ਰਵਾਹ ਪੂਰ
ਔਰ ਹੀ ਅਨੂਠੀ ਤੌਰ ਕੰਜ ਤੁੰਡ ਖੋਲਾ ਹੈ॥
ਭੋਰਨ ਕੀ ਭੀਰ ਭਾਰੀ ਗੁੰਜ ਤੋ ਪ੍ਰਮੋਦ ਪੁੰਜ
ਝਾਕ ਝੂਰ ਝੂਰਕੈ ਵਿਯੋਗੀ ਚੀਤ ਡੋਲਾ ਹੈ।
ਦੇਵੀ ਦੇਵ ਸਿੱਧਨ ਕੀ ਲੋਕ ਮੈਂ ਪ੍ਰਸਿੱਧ ਹੋਲੀ
ਸ੍ਰੀ ਗੁਰੂ ਗੋਬਿੰਦ ਸਿੰਘ ਜੂ ਕੋ ਆਜ ਹੌਲਾ ਹੈ॥੪੯੨॥

ਬਾਂਕੀ ਗੁਲਜ਼ਾਰ ਨੌ ਬਹਾਰ ਭਾਂਤਿ ਭਾਂਤਿਨ ਕੀ
ਸੋਭਤੀ ਸੁ ਭੂਮਿ ਦੇਖ ਨਾਕ ਹੂੰ ਲਜੋਲਾ ਹੈ।
ਬਾਗ ਔ ਬਗੀਚੇ ਬ੍ਰਿੰਦ ਫੈਲ ਗੋ ਪਰਮੋਦ ਪੁੰਜ
ਸੈਲਨ ਮੈਂ ਸੈਲ ਖੁਸ਼ੀ ਪੌਨ ਕੋ ਵਰੋਲਾ ਹੈਂ॥
ਕੇਤੇ ਰੰਗ ਰੰਗਕੇ ਅਨੰਦ ਤੌ ਅਰੰਨ ਬੀਚ
ਬ੍ਰਿਛਨ ਕੀ ਕਿਸੈ ਪਰਸੂਨ ਗਾਤ ਫੋਲਾ ਹੈ।
ਦੇਵੀ ਦੇਵ ਸਿੱਧਨ ਕੀ ਲੋਕ ਪ੍ਰਸਿੱਧ ਹੋਲੀ
ਸ੍ਰੀ ਗੁਰੂ ਗੋਬਿੰਦ ਸਿੰਘ ਜੂ ਕੋ ਆਜ ਹੋਲਾ ਹੈ॥੪੯੩॥

ਆਂਬਨ ਕੀ ਬੌਰਨੇ ਵਿਯੋਗੀ ਬ੍ਰਿੰਦ ਬੌਰੇ ਕੀਨ
ਫੂਲ ਹੈ ਪਲਾਸ ਕੋ ਕਿ ਆਸੱਤ ਕੋ ਗੋਲਾਹੈ।
ਕੇਤਕੀ ਰਵੇਲ ਜੂ ਹੀ ਚੰਪਕ ਚੰਬੇਲੀ ਕੁੰਦ

D: (Billu) Giani G (H Sahib) {200}

ਕੇਵੜੋ ਗੁਲਾਬ ਕੋ ਹਿਸਾਬ ਤੌ ਅਤੋਲਾ ਹੈ ॥
ਫੈਲਗੀ ਸੁਗੰਧ ਕੀ ਝਕੋਰ ਤੌ ਚਹੂੰਘਾ ਚਾਰੁ
ਪੰਖ ਕੇ ਚਲਯਾ ਲੋਟ ਗੇਹ ਕੋ ਢੱਢੋਲਾ ਹੈ ।
ਦੇਵੀ ਦੇਵ ਸਿੱਧਨ ਕੀ ਲੋਕ ਮੈਂ ਪ੍ਰਸਿੱਧ ਹੋਲੀ
ਸ੍ਰੀ ਗੁਰੂ ਗੋਬਿੰਦ ਸਿੰਘ ਜੂ ਕੋ ਆਜ ਹੋਲਾ ਹੈ ॥ ੪੯੪ ॥

ਯੂਥਨ ਕੇ ਯੂਥ ਪਜਾਰੇ ਖਾਲਸੇ ਛਵੀਲੇ ਛੈਲ
ਆਪਸ ਕੇ ਬੀਚ ਕੀਨੋ ਏਕ ਹੀ ਮਸੋਲਾ ਹੈ ।
ਲੀਜਿਯੇ ਪਰਮੋਦ ਪ੍ਰਾਕ ਪੁੰਨ ਕੇ ਪ੍ਰਤਾਪ ਪੁੰਜ
ਪੀਜੀਯੇ ਵਿਜਯਾ ਲੈ ਹਫੀਮ ਕੋ ਗਲੋਲਾ ਹੈ ॥
ਹੀਯੇ ਕੇ ਹੁਲਾਸ ਕੋ ਪ੍ਰਕਾਸ ਕੈ ਬਿਲਾਸ ਬੇਸ
ਬਾਨਿਕ ਬਨਾਯੋ ਜਿਤੋ ਬਾਲ ਬੂਢ ਭੋਲਾ ਹੈ ।
ਦੇਵੀ ਦੇਵ ਸਿੱਧਨ ਕੀ ਲੋਕ ਮੈਂ ਪ੍ਰਿਸਿੱਧ ਹੋਲੀ
ਸ੍ਰੀ ਗੁਰੁ ਗੋਬਿੰਦ ਸਿਘ ਜੂ ਕੋ ਆਜ ਹੋਲਾ ਹੈ ॥ ੪੯੫ ॥

ਇਤੋ ਪੰਚ ਪਜਾਰੇ ਨਾਥ ਆਯਸ ਕੋ ਪਾਯ ਧਾਯ
ਫੂਲ ਗੇ ਪਰਮੋਦ ਚੀਤ ਸੀਤ ਜਜੋਂ ਸੁ ਓਲਾ ਹੈ ।
ਨੂਤਨ ਨਿਸਾਨਨ ਕੋ ਪ੍ਰੀਤਿ ਸੇ ਸਜਾਯੋ ਬੇਸ
ਔਰੇ ਰੰਗ ਛਾਯੋ ਹੈ ਦੀਦਾਰ ਤੋ ਅਮੋਲਾ ਹੈ ॥
ਆਵਤੇ ਸੁਗੰਧ ਕੇ ਝਕੋਰੇ ਤੌ ਅਨੰਤ ਭਾਂਤਿ
ਝੂਲਤੀ ਪ੍ਰਸੂਨ ਮਾਲ ਕਾਮ ਰੂਪ ਗੋਲਾ ਹੈ ।
ਦੇਵੀ ਦੇਵ ਸਿੱਧਨ ਕੀ ਲੋਕ ਮੈਂ ਪ੍ਰਸਿੱਧ ਹੋਲੀ
ਸ੍ਰੀ ਗੁਰੂ ਗੋਬਿੰਦ ਸਿੰਘ ਜੂ ਕੋ ਆਜ ਹੋਲਾ ਹੈ ॥ ੪੯੬ ॥

ਪ੍ਰੀਤਿ ਸਜੋਂ ਪ੍ਰਤੀਤਿ ਸਜੋਂ ਪਰ ਪੂਜ ਕੈ ਸੁ ਗਰੰਥ ਨਾਥ
ਵੇਦ ਛੀਰ ਸਿੰਧੁ ਜੋਊ ਨੈਨੂ ਸਜੋਂ ਨਿਰੋਲਾ ਹੈ ।
ਜਾਸ ਕੇ ਅਧੇਨ ਤੇ ਅਲੋਲ ਚੀਤ ਹੋਤ ਬੇਗ
ਭੂਤ ਦੀਪ ਦੀਪ ਸਿਖਾ ਦਾਮਿਨੀ ਮਮੋਲਾ ਹੈ ॥
ਬਾਂਟ ਕੈ ਕੜਾਹ ਦੀਨ ਬੰਧੁ ਕੋ ਪਰਸ਼ਾਦ ਸੁਧਾ
ਸਾਜ ਕੈ ਮਹਲਾ ਫਤੇ ਗਾਜ ਕੈ ਸੁ ਬੋਲਾ ਹੈ ।
ਦੇਵੀ ਦੇਵ ਸਿੱਧਨ ਕੀ ਲੋਕ ਮੈ ਪ੍ਰਸਿੱਧ ਹੋਲੀ



D: (Billu) Giani G (H Sahib) {201}

ਸ੍ਰੀ ਗੁਰੂ ਗੋਬਿੰਦ ਸਿੰਘ ਜੂ ਕੋ ਆਜ ਹੋਲਾ ਹੈ ॥ ੪੯੭ ॥

ਸੋਰ ਮਚਯੋ ਭਾਰੀ ਏਕ ਵਾਰਗੀ ਚਹੂੰਘ ਚਾਰੁ
ਜੇਤੋ ਭੌਨ ਬੀਥਿਕਾ ਬਜ਼ਾਰ ਚੌਰ ਟੌਲਾ ਹੈ ।
ਬਾਜੇ ਭਾਂਤਿ ਭਾਤਿਨ ਕੇ ਬਾਜੇ ਸ੍ਰੀ ਅਨੰਦ ਪੁਰ
ਸਾਜੇ ਸਾਜ ਗਾਵਤੇ ਧਮਾਰ ਛੰਦ ਢੋਲਾ ਹੈ ॥
ਛੂਟੈਂ ਪਿਚਕਾਰੀ ਰੰਗ ਹੇਮ ਕੀ ਜਰਾਉ ਲਾਲ
ਜੂਟੈਂ ਪਰੇਮ ਮੌਜ ਕੋ ਸੁ ਲੂਟੈਂ ਮੋਦ ਚੋਲਾ ਹੈ ।
ਦੇਵੀ ਦੇਵ ਸਿੱਧਨ ਕੀ ਲੋਕ ਮੈਂ ਪ੍ਰਸਿੱਧ ਹੋਲੀ
ਸ੍ਰੀ ਗੁਰੂ ਗੋਬਿੰਦ ਸਿੰਘ ਜੂ ਕੋ ਆਜ ਹੋਲਾ ਹੈ ॥ ੪੯੮ ॥

ਭਾਰਕੀ ਐਸ ਮੌਜਨ ਕੀ ਸੌਜਨ ਕੋ ਸਾਜ ਕੋ
ਬੇਸ ਕੁੰਡ ਕੁੰਭ ਹੌ ਜਨ ਮੈਂ ਰੰਗ ਖੂਬ ਘੋਲਾ ਹੈ ।
ਪੂਰ ਪੂਰ ਥੈਲਨ ਮੈ ਛੈਲਨ ਕੇ ਗੋਲ ਮਾਲ
ਗੈਲਨ ਮੈ ਗਾਲ ਦੈ ਗੁਲਾਲ ਸਜੋਂ ਮਿਧੌਲਾ ਹੈ ॥
ਛੱਜਨ ਮੈ ਭੌਨਨ ਮੈਂ ਬਾਸਨ ਮੈ ਦੌਨਨ ਮੈਂ
ਮੰਜਔਂ ਵਿਛੋਨਨਮੈ ਅਲਿਤਾ ਸੁ ਰੋਲਾ ਹੈ ।
ਦੇਵੀ ਦੇਵ ਸਿੱਧਨ ਕੀ ਲੋਕ ਮੈ ਪ੍ਰਸਿੱਧ ਹੋਲੀ
ਸ੍ਰੀ ਗੁਰੂ ਗੋਬਿੰਦ ਸਿਘ ਜੂ ਕੋ ਆਜ ਹੋਲਾ ਹੈ ॥ ੪੯੯ ॥

ਕੇਹੂ ਪਿਚਕਾਰੀ ਲੈ ਚਲਾਵੈਂ ਜਜੋਂ ਨਿਸ਼ਾਨੋ ਬੇਧ
ਕੁੰਕੁਮ ਕੋ ਮਾਰੈ ਕੇਹੂੰ ਮਾਨੋ ਪਰੇਮ ਗੋਲਾ ਹੈ ।
ਕੇਹੂ ਲੈ ਗੁਲਾਬ ਦਾਨੀ ਛੋਰ ਤੇ ਸੁਗੰਧ ਪਾਨੀ
ਕੇਹੂ ਗੂਢ ਵਾਕ ਕੇਹੂ ਮੂਢ ਕੋ ਢਸੋਲਾ ਹੈ ॥
ਝੁੰਡਨ ਝੁੰਡ ਕੇਤੋ ਰੰਗਨ ਕੇ ਕੁੰਡ ਬੀਚ
ਡਾਰ ਰੁੰਡ ਮੁੰਡ ਤੁੰਡ ਝੋਕਯੋ ਝਕ ਝੋਲਾ ਹੈ ।
ਦੇਵੀ ਦੇਵ ਸਿੱਧਨ ਕੀ ਲੋਕ ਮੈਂ ਪਰਸਿੱਧ ਹੋਲੀ
ਸ੍ਰੀ ਗੁਰੂ ਗੋਬਿੰਦ ਸਿੰਘ ਜੂ ਕੋ ਆਜ ਹੌਲਾ ਹੈ ॥ ੫੦੦ ॥

ਕੇਵੜੋ ਗੁਲਾਬ ਚੋਆ ਚਾਰ ਸ਼ਯੋਂ ਮਚਾਯੋ ਕੀਚ
ਲੀਨੋ ਆਪ ਆਪਨੋ ਗੁਲਾਲ ਪੂਰ ਝੋਲਾ ਹੈ ।



D: (Billu) Giani G (H Sahib) {202}

ਬਯੋਮ ਔ ਬਸੁੰਧ ਰਾਮ ਹੋਦਧੀ ਪਰਯੰਤ ਪੌਣ
ਲਾਲ ਭਾਵਿਤਾਨ ਕਿਧੌ ਭੌਮ ਕੋ ਖਟੌਲਾ ਹੈ॥
ਸੌਢ ਵੰਸ ਮੌਲ ਜੂ ਸੋ ਕੌਤਕੀ ਕ੍ਰਿਪਾਲ ਲਾਲ
ਜਾਸ ਕੀ ਪ੍ਰਪੰਚ ਖੇਲ ਚੋਜਕੋ ਬਤੋਲਾ ਹੈ।
ਦੇਵੀ ਦੇਵ ਸਿੱਧਨ ਕੀ ਲੋਕ ਮੈਂ ਪਰਸਿੱਧ ਹੋਲੀ
ਸ੍ਰੀ ਗੁਰੁ ਗੋਬਿੰਦ ਸਿੰਘ ਜੂ ਕੋ ਆਜ ਹੋਲਾ ਹੈ॥੫੦੧॥
ਔਰਨ ਕੀ ਆਰਤੀ ਸੁ ਆਰੁਤਾ ਅਕਾਲ ਜੂ ਕੋ
ਲੋਕਨ ਕੀ ਬੋਲੀ ਦੀਨ ਬੰਧੂ ਕੋ ਸੁ ਬੋਲਾ ਹੈ।
ਅੰਬਕਾ ਕੜਾਹੀ ਮਹਾਰਾਜ ਜੀ ਕੋ ਕੜਾਹ ਸੁਧਾ
ਚੋਲੀ ਤੋ ਵਖਾਨੈ ਬਾਲ ਸ੍ਵਾਮੀ ਕੋ ਸੁ ਚੋਲਾ॥
ਝੰਡੀ ਔ ਸਵਾਰੀ ਆਂਮ ਝੰਡਾ ਜੂ ਸਵਾਰਾ ਨਾਥ
ਝੋਲੀ ਝੋਲੀ ਤੌਂ ਤਮਾਂਮ ਕੀ ਸੁ ਖਾਲਸਾ ਕੋ ਝੋਲਾ ਹੈ।
ਦੇਵੀ ਦੇਵ ਸਿੱਧਨ ਕੀ ਲੋਕ ਮੈਂ ਪ੍ਰਸਿੱਧ ਹੋਲੀ
ਸ੍ਰੀ ਗੁਰੂ ਗੋਬਿੰਦ ਸਿੰਘ ਜੂ ਕੋ ਆਜ ਹੌਲਾ ਹੈ॥੫੦੨॥

ਵਿਪਸ ਚਿਤ ਪ੍ਰਮੋਦਕ ਛੰਦ
ਬਰਛਾ ਢਾਲ ਕਟਾਰਾ ਤੇਗਾ ਕੜਛਾ ਦੇਗਾ ਗੋਲਾ ਹੈ। ਸੁਖਾਂ ਤਾ ਮਿਰਚੌਨਾ ਵਾਟਾਂ ਰੂਪਾ ਡਲਾ ਮਸੌਲਾ ਹੈ॥
ਛਕਾ ਪ੍ਰਸਾਦਿ ਸਜਾ ਦਸਤਾਰਾ ਕਕਾ ਕ੍ਰਦੌਨਾ ਟੋਲਾ ਹੈ। ਅਪਰ ਸੁਨਹਿਰਾ ਰਗੜਾ ਲਾਗੈ ਛੇਕੈ ਸੁ ਬੋਲਾ ਹੋਲਾ ਹੈ॥
ਸੁਬਟ ਸੁਚਾਲਾ ਪੂਨ ਲਖ ਬਾਹਾਂ ਕਲਗਾ ਸਿੰਘ ਸੁਚੋਲਾ ਹੈ। ਦਾਲਾ ਪੰਚਮ ਗਜਾ ਉਗਰਾਹੀ ਚੰਡਾ ਜਗਾ ਮਿਧੌਲਾ ਹੈ॥
ਫਿਰਨਾ ਕੁਹੀ ਸੁਬਾਜ ਕਛਹਿਰਾ ਸੋਬ ਸਮੁੰਦ੍ਰ ਗਲੋਲਾ ਹੈ। ਅਪਰ ਮੁਛਿਹਿਰਾ ਦਾੜਾ ਜੈਸੇ ਤੈਸੇ ਬੋਲਾ ਹੋਲਾ ਹੈ॥੫੦੩॥

## ਕਬਿੱਤ

ਆਯ ਆਯ ਭੌਨਨ ਤੇ ਖਾਲਸੇ ਛਬੀਲੇ ਥੈਲ
ਚਾਯ ਚਾਯ ਚੌਪ ਸੋ ਗੁਲਾਲ ਪੂਰ ਝੋਲਾ ਕੇ।
ਪਾਯ ਪਾਯ ਰੰਗ ਕੋ ਸੋ ਸੁਗੰਦ ਕੋ ਗੁਲਾਬਦਾਨੀ
ਨਾਯ ਨਾਯ ਦ੍ਰਾੜ੍ਹੇ ਮੂਛ ਭੇਵੈਂ ਪਾਗ ਚੋਲਾ ਕੋ॥
ਜਾਯ ਜਾਯ ਪੌਰ ਪੌਰ ਪ੍ਰੀਤ ਸਜੌਂ ਪਰਮੋਦ ਲੇਤ

ਗਾਯ ਗਾਯ ਗਾਰੀ ਗੀਤ ਬੋਲ ਕੈ ਸੁ ਬੋਲਾ ਕੋ।
ਦਾਯ ਦਾਯ ਧਾਯ ਧਾਯ ਛਾਯ ਛਾਯ ਪ੍ਰੇਮ ਡੋਲੈ
ਮਾਚਿਯੌ ਸੋਰ ਸ੍ਰੀ ਗੁਰੂ ਗੋਬਿੰਦ ਸਿੰਘ ਹੌਲਾ ਕੇ ॥ ੫੦੪ ॥

ਸਾਜਨ ਕੀ ਭੀਰਨ ਮੈਂ ਸਾਜਨ ਕੋ ਭਾਰੀ ਸ਼ੋਰ
ਜ਼ੋਰੀ ਸਜੋ ਨਿਸੰਦਨ ਕੀ ਜੇਰੀ ਬੇ ਸੁਮਾਰ ਹੈ।
ਢੋਲਕੀ ਮ੍ਰਿਗਿੰਦ ਬੀਨ ਬਾਂਸਰੀ ਮ੍ਰਦੰਗ ਚੰਗ
ਸਾਰੰਗੀ ਤਰੰਗ ਰੰਗ ਸੰਗ ਮੈਂ ਸਿਤਾਰ ਹੈ ॥
ਤੂਸ ਔ ਰਬਾਬ ਕੋ ਠਾਟ ਜੋ ਅਨੂਠੋ ਬੇਸ
ਖੰਜਰੀ ਸੁ ਡੌਰੂ ਡਢ ਤੂਤੀ ਤੋ ਅਪਾਰ ਹੈ।
ਠੇਲੀਯੇ ਗੁਲਾਲ ਲਾਲ ਮੇਲੀਯੇ ਛਬੀਲੇ ਨੈਨ
ਖੇਲੀਏ ਜੂ ਪਜਾਰੇ ਆਜ ਹੋਲੇ ਕੀ ਬਹਾਰ ਹੈ ॥ ੫੦੫ ॥

ਹ੍ਵੈ ਕੈ ਥੋਰੁ ਦੂਰ ਦੂਰ ਜੈਸੇ ਜੰਗ ਸੂਰ ਸੂਰ ਠਾਂਢੇ
ਮੂਠ ਪੂਰ ਪੂਰ ਅਲਿਤਾ ਸੁਰੋਲੇ ਕੀ।
ਆਪਸ ਮੈਂ ਡਾਰ ਡਾਰ ਕੁੰਕਮ ਕੋ ਮਾਰ ਮਾਰ
ਕੰੁਬੁ ਰੰਗ ਢਾਰ ਢਾਰ ਬਾਤ ਕੈ ਬਤੋਲੇਕੀ ॥
ਬਾਂਕੇ ਨੈਨ ਜ਼ੋਰ ਜ਼ੋਰ ਆਨਨ ਕੋ ਮੋਰ ਮੋਰ
ਰੰਗ ਜੰਤ੍ਰ ਛੋਰ ਛੋਰ ਲੂਟੈ ਮੌਜ ਟੋਲੈ ਕੀ।
ਜੇਤੇ ਲੋਗ ਗ੍ਰਾਮ ਗ੍ਰਾਮ ਬਾਲ ਬਾਲ ਬਾਮ ਬਾਮ
ਹ੍ਵੈ ਰਹੀ ਸੋ ਧਾਮ ਧਾਮ ਧੂਮ ਧਆਮ ਹੋਲੀ ਕੀ ॥ ੫੦੬ ॥

ਸਵੈਯਾ
ਨਿਜ ਕੋਠਨ ਪੈ ਕਰ ਬੰਧ ਕਿਵਾਰ ਸੁ ਗਾਵਤ ਆਪਸ ਮੈਂ ਮਿਲ ਆਲੀ।
ਤਨ ਤੇਲ ਫੁਲੇਲ ਲਗਾਯ ਭਲੇ ਮੁਖ ਚੰਦ ਸਜੈ ਲਟਕੈ ਲਟਕਾਲੀ ॥
ਦਿਨ ਰਾਤ ਸਦਾ ਉਤਸਾਹਿ ਲਗੀ ਘਰ ਹੀ ਘਰ ਬਾਜਤਿ ਢੋਲਕ ਤਾਲੀ।
ਭਰ ਮੂੰਠ ਗੁਲਾਲ ਚਲਾਵਤਿ ਹੈ ਬਰ ਨਾਚਤ ਕੂਦਤਿ ਦੇਵਤ ਗਾਲੀ ॥ ੫੦੭ ॥

## ਕਬਿੱਤ
ਆਂਙਨ ਬਜ਼ਾਰ ਗਲੀ ਸੋਬਤੀ ਬਹਾਰ ਦਾਰ
ਸੈਲ ਕੀ ਦਰੀਨ ਮੈਂ ਬਿਸਾਲ ਰੰਗ ਪੇਖੀਯੇ।

1 to 113 {Nirmal Parbhakar}
114 to 222 {Sikhi Parbhakar}
D: (Billu) Giani G (H Sahib) {204}

ਮਾਚੋ ਕੀਚ ਬਾਵਲੀ ਤੜਾਗ ਨਦੀ ਕੂਪ ਨੀਰ
ਸਾਤੋ ਸਿੰਧ ਲਾਲ ਹੂਯੇ ਕਹਾ ਲੌਹੌ ਲੇਖੀਯੇ ॥
ਆਖੈਂ ਦਿਗ ਪਾਲਨ ਕੀ ਬੀਚ ਮੈਂ ਗੁਲਾਲ ਪੂਰਿਯੌ
ਠੌਰ ਠੌਰ ਠਾਡੇ ਹੈਂ ਨਿਸੰਕ ਦੌਰ ਵੇਖੀਯੇ ।
ਭੂਲੋ ਭਟਕਾਤਿ ਫਿਰੈ ਘੋਰਾ ਪੰਥੇ ਭਾਂਨੂੰ ਹੂੰ ਕੋ
ਛਾਯੀ ਅੰਗ ਲਾਲੀ ਸੂਰ ਸਾਂਝ ਥੇਰਾ ਦੇਖੀਯੇ ॥ ੫੦੮ ॥

ਕੇਤੀ ਕਵਿਨ ਰਾਜਨ ਕੀ ਮੰਡਲੀ ਵਿਰਾਜੈ ਵੇਸ
ਬੋਲਤੇ ਬਚਿੱਤ੍ਰ ਛੰਦ ਮਾਨੋ ਸੁਧਾ ਵ੍ਵੈ ਰਹਿਯੋ ।
ਕੇਤੇ ਬਹੁਰੂਪੀਯੇ ਪ੍ਰੀਬੀਨਤਾ ਨਿਕਾਯੀ ਖਾਨਿ
ਲੋਗ ਔ ਲਗਾਯੀ ਅੰਗ ਅੰਗ ਮੋਦ ਛ੍ਵੈਰਹਿਯੋ ॥
ਕੇਤੋ ਭਾਂਤਿ ਭਾਂਤਿਨ ਕੀ ਸ੍ਵਾਂਗ ਔ ਜੁਗੀੜੋ ਠਾਟ
ਕੌਤੁ ਕੀ ਨਟੇਸਕੇ ਅਖਾਰੇ ਸੋਕ ਛ੍ਵੈ ਰਹਜੋ ।
ਰਾਸ ਕੋ ਬਿਲਾਸ ਕੋ ਸੁ ਰਾਸ ਕੋ ਪ੍ਰਕਾਸ ਖਾਸ
ਹੋਲੇ ਕੋ ਹੁਲਾਸ ਵਾਸ ਠੌਰ ਠੌਰ ਹ੍ਵੈ ਰਹਯੋ ॥ ੫੦੯ ॥

ਖੇਲਤੇ ਸਫਾਗ ਮਾਗ ਰਾਜ ਜੂ ਗੋਬਿੰਦ ਸਿੰਘ ਸੰਗ
ਮੈਂ ਅਨੰਤ ਸੰਤਿ ਸੰਗਤਿ ਅਪਾਰ ਹੈ ।
ਝੁੰਡਨ ਕੇ ਝੁੰਡ ਪਿਆਰੇ ਖਾਲਸੇ ਸਹਾਨੇ ਛੈਲ
ਕੇਸਰੀ ਸਜਾਯ ਥਾਨੇ ਆਯੇ ਬੇਸੁਮਾਰ ਹੈ ॥
ਕੇਤੀ ਭਾਂਤਿ ਭਾਂਤਨ ਕੀ ਮੰਡਲੀ ਪ੍ਰਮੋਦ ਸੌਜ
ਸਾਹਿਬ ਸੁ ਗ੍ਰੰਥ ਨਾਥ ਪੂਜ ਕੈ ਜੁਹਾਰ ਹੈ ।
ਧਾਰ ਕੈ ਬਿਨੋਦ ਕੌ ਬਿਚਾਰ ਕੈ ਸੁਭਾਰੇ ਭਾਗ
ਹੋਲੇ ਕੀ ਬਹਾਰ ਮੈਂ ਸੁਵੰਸ ਕੋ ਓਬਾਰ ਹੈ ॥ ੫੧੦ ॥

ਘਨਾਛਰੀ ਛੰਦ
ਬਨੋ ਝੀਨ ਅੰਬਰ ਕੋ ਸੋਬਤੋ ਸੁਹਾਨੋ ਨਾਥ ਕੰਚਨ ਕੇ ਭੂਖਨ ਜਰਾਉ ਲਾਲ ਆਬਾ ਥੋਰ ।
ਧਰਮ ਸਿੰਘ ਸੋਬਾ ਸਿੰਘ ਮਾਲੀ ਸਿੰਘ ਫੇਰੂ ਸਿੰਘ ਫੂਲਨ ਕੋ ਪੂਰਕੈ ਅੰਬੀਰ ਸੌ ਅਖਾਰੋ ਜੋਰ ॥
ਬਾਂਕੋ ਰੰਗ ਜੰਤ੍ਰ ਹੇਮ ਛੋਰ ਕੈ ਗੁਲਾਲ ਡਾਰ ਐਜੂ ਆਜ ਖੇਲੋਰੀ ਜੂ ਬੋਲਤੇ ਸੁ ਚੀਤ ਚੋਰ ।
ਭਾਰੀ ਭੀਰ ਸਿੰਘਨ ਕੀ ਝੁੰਡਨ ਕੇ ਝੁੰਡ ਸੋ ਹੈ ਸ੍ਰੀ ਗੁਰੂ ਗੋਬਿੰਦ ਸਿੰਘ ਹੋਲੇ ਕੇ ਮਚਾਯਕ ਸੋਰ ॥
੫੧੧ ॥

1 to 113 {Nirmal Parbhakar}
114 to 222 {Sikhi Parbhakar}
D: (Billu) Giani G (H Sahib) {205}

ਸੈਨਾ ਸਾਧ ਸੰਗਤਿ ਜੂ ਜੋਰ ਜੋਰ ਵੈਸੀ ਮਤਿ ਵੈਸੀ ਧਾਕੁ ਧੌਂਸਨ ਕੀ ਬਾਜੇ ਔਰ ਕੇਤੇ ਢੰਗ।
ਵੈਸੋ ਵੇਸ ਬਾਨੋ ਓਜ ਵੈਸੋ ਹੀ ਸਮਾਨੋ ਹੀਯੇ ਵੈਸੋ ਹੀ ਨਿਸਾਨੋ ਕੋ ਸੂ ਜਾਨੋ ਸੋਬ ਨੀਕ ਰੰਗ॥
ਵੈਸੀ ਹੀ ਚਢਾਈ ਹੈ ਮਹਲੇ ਕੀ ਸੁ ਫਤੇ ਬੋਲ ਵੈਸੀ ਧੂਮ ਧਾਮ ਦੇਖ ਦੇਵਤਾ ਸੁ ਹੂਯੇ ਦੰਗ।
ਸ੍ਰੀ ਗੁਰੂ ਗੋਬਿੰਦ ਸਿੰਘ ਕੌਤਕੀ ਕ੍ਰਿਪਾਲੂ ਆਜ ਹੋਲੀ ਕੀ ਬਹਾਰ ਮੈਂ ਮਚਾਯਓ ਹੈ ਸੁ ਪ੍ਰੇਮ ਜੰਗ॥੫੧੨॥
ਕੁਕੰਮ ਸੁ ਬਾਨ ਕੋ ਪ੍ਰਹਾਰਤੇ ਪ੍ਰਚੰਡ ਜੋਸ ਛੋਰ ਤੇ ਗੁਲਾਲ ਮੁਠ ਸਾਂਗ ਸੋ ਚਲਾਵੈਂ ਪੀਠ॥
ਛੂਟੈ ਪਿਚਕਾਰੀ ਹਾਥ ਨਾਲ ਔ ਬੰਦੂਕ ਭਾਰੀ ਤੇਗ ਜੋ ਕਟਾਰੀ ਸੋ ਸਵਾਰੀ ਫੂਲ ਛਰੀ ਪੀਨ॥
ਦ੍ਵੈਤ ਕੈ ਵਿਲਾਯ ਬੇ ਕੋ ਸੌ ਮਿਲਾਯ ਬੇਕੋ ਸ੍ਰੀ ਗੁਰੂ ਗੋਬਿੰਦ ਸਿੰਘ ਹੋਲਾ ਪ੍ਰੇਮ ਜੰਗ ਕੀਨ॥ ੫੧੩॥

ਲਲਿਤ ਸਵੇਯਾ
ਦੋਊ ਜੋ ਗ੍ਰੰਥੋਂ ਕੀ ਸੋ ਬਾਤੋਂ ਭਾਰੀ ਹੈਂ ਬਾਨੀ ਜੂ ਆਛੀ ਜਯੋਂ ਮੀਠੋ ਹੈ ਘੋਲਾ।
ਯਾਂਹੀ ਕੇ ਆਗੇ ਪੀਯੂਖੋਂ ਕੀ ਧਾਰਾ ਤੋ ਥੋਰੀ ਸੀ ਲਾਗੈ ਹੈ ਮਾਣੀ ਜਯੋਂ ਤੋਲਾ॥
ਸੋਨੋ ਆ ਚਾਂਦੀ ਸੌ ਹੀਰੇ ਸੌ ਪੰਨੇ ਸੌ ਲਾਲੌਂ ਸੌ ਮੋਤੀ ਸੌ ਹੈ ਹਿੰਡੋਲਾ।
ਐਸੀ ਤੌ ਬਾਕੀ ਨਾ ਝਾਂਕੀ ਹੈ ਦੂਜੀ ਕੋ ਬੋਲੋ ਜੋ ਹੋਲਾ ਹੈ ਹੋਲਾ ਹੈ ਹੋਲਾ॥੫੧੪॥

ਸਵੇਯਾ
ਦੇਖੋ ਜੂ ਕੈਸੇ ਝੰਡੇ ਜੋ ਝੂਲੇ ਹੈਂ ਧੌਂਸੇ ਕੀ ਧੁੰਕਸੇ ਸੰਭੂ ਭਾਭੋਲਾ।
ਜੈਸੀ ਤੋ ਆਬਾ ਹੈ ਰਾਗੀ ਕੇ ਰਾਗੋਂ ਕੀ ਤੈਸੋ ਹੀ ਮੀਠੋ ਹੈ ਪਯਾਰਯੋਂ ਕੋ ਬੇਲਾ॥
ਸਿੰਘੋਂ ਕੀ ਸੋਭਾ ਪੈ ਵਾਰੀ ਹੌਂ ਘੋਲੀ ਹੌਂ ਆਛੇ ਹੈਂ ਹੀਯੇ ਕੋ ਤਾਲਾ ਹੈ ਖੋਲਾ।
ਬਾਂਕੈ ਹੌ ਜੋਧੇ ਹੈਂ ਪ੍ਰੇਮੀ ਹੈਂ ਨੇਮੀ ਹੈਂ ਯਾਂਹੀ ਤੇ ਪਯਾਰੇ ਜੂ ਖੇਲੋ ਜੂ ਹੋਲਾ॥੫੧੫॥
ਸ੍ਵਾਮੀ ਜੂ ਮੇਰੋ ਤੌਂ ਏਕੋ ਹੈ ਨੀਕੋ ਹੈ ਪਿਯਾਰੋ ਹੈ ਨਿਯਾਰੋ ਹੈ ਬਾਲਾ ਹੈ ਭੋਲਾ।
ਵਾਹੀ ਕੋ ਦਾਸੌਂ ਕੋ ਪਿਯਾਰੋ ਕੀ ਧੂਲੀ ਹਯੋ ਮਾਯਾ ਕੀ ਛਾਯਾ ਮੈ ਤਾਂਤੋ ਹੀ ਝੋਲਾ॥
ਭਾਰੀ ਹੀ ਪੁੰਨੋਂ ਕੀ ਥੈਲੀ ਤੌਂ ਖੂਲੀ ਹੈ ਲੀਨੋ ਹੈ ਐਸੇ ਜੋ ਸੰਤੌਂ ਕਾ ਓਲਾ।
ਕੇਤੇ ਹੀ ਮੌਜੋਂ ਤੌਂ ਲੂਟੀ ਹੈ ਸੂਖੋਂ ਕੀ ਬੋਲੋ ਜੂ ਹੋਲਾ ਹੈ ਹੋਲਾ ਹੈ ਹੋਲਾ॥੫੧੬॥
ਨੌਕਾ ਕੋ ਸਾਥੀ ਜੋ ਪਯਾਰੇ ਪੰਥੀ ਜਯੋਂ ਵੈਸੇ ਹੀ ਸਾਰੇ ਹੀ ਲੋਕੋਂ ਕੋ ਚੋਲਾ।
ਝੂਠੇ ਹੀ ਨਾਤੇ ਸੇ ਬਾਂਧੇ ਹੈਂ ਸੁਆਜਯੋਂ ਕਾਹੂਕੋ ਸ੍ਵਾਮੀ ਹੈ ਕਾਹੂਕੋ ਗੋਲਾ॥
ਆਛੈ ਔ ਮੰਦੇ ਜੋ ਆਯ ਹੈਂ ਮੂਯੇ ਸੋ ਬਾਕੀ ਭੀ ਚਾਲੇਗੇਂ ਪਾਨੀ ਜਯੋਂ ਓਲਾ।
ਜੀਵੇ ਗੋ ਜੋਈ ਸੁ ਆਵੈ ਗੋ ਖੇਲੈ ਗੋ ਬੋਲੋ ਜੂ ਹੋਲਾ ਹੈ ਹੋਲਾ॥੫੧੭॥

ਸਵੈਯਾ

1 to 113 {Nirmal Parbhakar}
114 to 222 {Sikhi Parbhakar}
D: (Billu) Giani G (H Sahib) {206}

ਸ੍ਵਾਮੀ ਕੀ ਵਾਚਾ ਕੋ ਸੰਤੋਂ ਕੀ ਬਾਤਾਂ ਕੋ ਬੂਝੈ ਗੋ ਭਾਰੀ ਧੀ ਲੋਕੋ ਮੈਂ ਭੋਲਾ।
ਜਾਨੈ ਕਾ ਪਾਪੀ ਜੋ ਮੂਢੋਂਕੋ ਸੰਗੀ ਹੈ ਧੀਯਾਂ ਔ ਪੂਤੋਂ ਕੋ ਰੰਡੀ ਕੋ ਗੋਲਾ॥
ਗਯਾਨੀ ਨ ਧਯਾਂਨੀ ਨਾ ਦਾਂਨੀ ਨਾ ਮਾਨੀ ਨਾ ਤਾਨੀ ਨਾ ਵੇਸ਼ਯਾ ਕੋ ਜੋ ਹੈ ਲੋਲਾ।
ਐਸੇ ਹੀ ਮੌਜਜੰਸੇ ਆਗੈ ਭੀ ਪਯਾਰੇ ਜੂ ਹੋਵੈ ਗੋ ਮੇਲਾ ਜੋ ਖੇਲੈ ਗੋ ਹੋਲਾ॥ ੫੧੮॥
ਗਾਵਤਿ ਤਾਲ ਮ੍ਰਿਦੰਗਨ ਕੀ ਧੁਨ ਪੂਰ ਰ ਹੀ ਮਨ ਭਾਵਤਿ ਢੋਲਾ।
ਨਾਹਿ ਸੰਬਾਲਤਿ ਹੈ ਅਪਨੇ ਗ੍ਰਿਹਿ ਔਰਨ ਕੈ ਗ੍ਰਿਹਿ ਹੈ ਅਤਿ ਰੋਲਾ॥
ਏਕ ਕੇ ਸੀਸ ਪੈ ਏਕ ਹੈ ਡਾਰਤਿ ਏਕ ਪਖਾਰਤਿ ਹੈ ਮੁਖ ਚੋਲਾ।
ਸਿੰਘ ਘੰਦਾਰੁ ਅਜਾਯਬ ਸੋਬਤਿ ਮ੍ਰਿਗਿੰਦ ਗੋਬਿੰਦ ਕਾ ਜੋ ਵਡ ਹੋਲਾ॥ ੫੧੯॥
ਕੰਚਨ ਥਾਲਿ ਸੁ ਰੰਗ ਭਰੇ ਹਥਿ ਲੈ ਕਰਿ ਨਾਰੁ ਸੁਹਾਗੁ ਵਤੀ।
ਦਸ ਪਚ ਮਿਲੀ ਅਤਿ ਜਾਵਤ ਹੈ ਗੁਰਕੈ ਘਰ ਕੋ ਸੁ ਅਨੰਦ ਮਤੀ॥
ਮਾਤਾ ਕੋ ਸੀਸ ਨਿਵਾਵਤ ਹੈ ਸਿਰ ਡਾਰੁਤ ਰੰਗ ਗੁਲਾਬ ਸਤੀ।
ਮ੍ਰਿਗਿੰਦ ਘੰਦਾਰੁ ਜੁਗੋ ਜੁਗ ਨਾਥ ਜੀ ਕੌਤਕ ਧਾਰਤਿ ਦੇਵ ਪਤੀ॥ ੪੨੦॥

## ਨਹਿੰਗ ਪ੍ਰਸੰਗ

ਦੋਹਿਰਾ

ਅਦਭੁਤ ਨਿਤ ਨਵ ਚਰਿਤ ਅਸ ਮੁਦ ਮੰਗਲ ਮਯ ਈਸ।
ਅਬ ਸੁ ਕਥਾ ਪ੍ਰਭੁ ਸੁਜਨ ਕਥ ਸਬਸਨ ਲੇਹੁ ਅਸੀਸ॥ ੫੨੧॥

ਸਵੈਯਾ

ਕਲ ਕੌਤੁਕ ਨੀਕ ਵਿਲੋਕ ਅਲੋਕਿਕ ਸ੍ਰੀ ਗੁਰੁ ਕੇ ਦਰਬਾਰ ਘਨੇਰੇ।
ਉਰ ਮੋਦ ਅਨੰਤ ਅਨੰਤ ਬਢਯੋ ਨਿਦ ਦਾਸ ਚਹੁੰ ਦਿਸ ਪਾਸ ਜੁ ਹੇਰੇ॥
ਪਟ ਨੀਲ ਸੁ ਰੰਗ ਸਜੋ ਸਬ ਹੀ ਅਸ ਆਯਸ ਦੈ ਪੁਨ ਆਯਸਿ ਡੇਰੇ।
ਦਿਨ ਦੂਸਰ ਦੀਨ ਦਯਾਲੁ ਸਭਾ ਸੁਭ ਸੋਭਤਿ ਭੇ ਸੁਚ ਸੇਵਕ ਚੇਰੇ॥ ੫੨੨॥
ਬ੍ਰਹਮੰਡ ਅਧਾਰ ਕ੍ਰਿਪਾ ਨਿਧਿ ਜੂ ਥਿਤ ਹ੍ਵੈ ਆਸਨ ਆਨੰਦ ਭਾਰੀ।
ਕਰ ਕੰਜ ਵਿਨੈ ਯੁਤ ਜੋਰ ਭਲੇ ਮੁਖ ਪੂਰਬ ਈਸ ਪਰਸੰਸ ਉਚਾਰੀ॥
ਸਬ ਗਾਤ ਅਚੰਚਲ ਰੋਕ ਘਨੋ ਚਿਤ ਏਕ ਅਕਾਲ ਬ੍ਰਿਤਿ ਧਾਰੀ।
ਪੁਨ ਸ੍ਰੀ ਗੁਰੁ ਜੂ ਪ੍ਰਿਥਮੇਸ ਉਭੇ ਧਯਾਨ ਧਰਯੋ ਧਰੁਪ ਜਯੋਂ ਬਿਧਿ ਸਾਰੀ॥ ੫੨੩॥

ਦੋਹਿਰਾ

ਵਿਨੋਦ ਯਾਵਤ ਬ੍ਰਿਧ ਪਦ ਪਦਮ ਵਦ ਵਾਰੰ ਵਾਰ ਵਿਨੋਦ।
ਯਾਵਤ ਬ੍ਰਿਧ ਪਦ ਪਦਮ ਪੁਨ ਧਰ ਉਰ ਧਯਾਨ ਪਰਮੋਦ॥ ੫੨੪॥

1 to 113 {Nirmal Parbhakar}
114 to 222 {Sikhi Parbhakar}
D: (Billu) Giani G (H Sahib) {207}

1 to 113 {Nirmal Parbhakar}
114 to 222 {Sikhi Parbhakar}

ਸਵੈਯਾ
ਪੁਨ ਸ੍ਰੀ ਧੁਰਨੀਧਰ ਬ੍ਰਿੰਦ ਕਲਾਯੁਤ ਚਿੰਤਤ ਭੇਕਸ ਚੋਜ ਕਰੌ ਮੈ।
ਜਹਿਤੇ ਦਸਮੇਸ ਕ੍ਰਿਪਾ ਨਿਧਿ ਕੀ ਅਤਿ ਹ੍ਵੈ ਮੁਦਿਤਾ ਚਿਤ ਸੋਰ ਕਹੌ ਮੈਂ॥
ਦਿਲ ਦੇਖਤ ਦੂਜਨ ਦੀਹ ਦਬੈਂ ਭਟ ਰੂਪ ਆਲੌਕਿਕ ਆਪ ਧਰੌ ਮੈਂ।
ਸਤ ਸ੍ਰੀ ਮਹਿਮਾ ਸੁ ਅਪਾਰ ਗੁਰੂ ਬਰ ਏਕ ਅਕਾਲ ਅਕਾਲ ਰਰੌ ਮੈਂ॥ ੫੨੫॥
ਭਲ ਆਦਿ ਮ੍ਰਿਯਾਦ ਜਿਤੀ ਜਗ ਮੈ ਰਿਖਿ ਰਾਜਨ ਕੀ ਨਿਗਮਾਗਮ ਗਾਵੈਂ।
ਜਲ ਆਤਮ ਸੀਤ ਤੁਸਾਰ ਸਹੈ ਅਸ ਪੰਥ ਸਜ ਮੁਨਿ ਲੋਕ ਲੁਭਾਵੈਂ॥
ਸਠ ਸੰਗ ਤਜੇ ਹਠ ਈਸ ਭਜੈ ਪਠ ਗਰੰਥ ਜਜੈ ਕਵਿ ਊਪ ਅਲਾਵੈਂ।
ਸੁਭ ਸੰਤਨ ਕੀ ਸਦ ਰੱਛ ਕਰੈ ਮੁਦ ਦੀਨ ਦੁਖੀ ਅਤਿਸੈ ਸੁਖ ਪਾਵੈਂ॥ ੫੨੬॥
ਗੁਰੁ ਆਦਿ ਮੁਖੀ ਪਦ ਅੰਤ ਸੁ ਸੰਗਤਿ ਹੈ ਯਦਿ ਸ੍ਰੀ ਗੁਰੁ ਪੰਥ ਸਜੀਲੋ।
ਗ੍ਰਿਹ ਜਾਲ ਤਥਾਪਿ ਅਹੈਂ ਅਤਿ ਦਾਰੁਨ ਚੰਚਲ ਜੀਵ ਅਨਾਦਿ ਰਸੀਲੋ॥
ਧਰਮ ਰੱਛਕ ਮੋਛਦ ਰੀਤਿ ਰਚੌਂ ਰੁਚਿ ਰੂਪ ਅਲੌਕਿਕ ਛੈਲ ਛਵੀਲੋ।
ਤਨ ਮਾਨਸ ਦੰਡ ਅਖੰਡ ਭਜੈ ਪ੍ਰਭੁ ਛੋਡ ਪਖੰਡ ਉਮੰਡ ਹਠੀਲੋ॥ ੫੨੭॥

ਕਬਿੱਤ
ਜਾਗਤੀ ਸੁ ਜੋਤਿ ਜੀਵ ਜੰਤੁ ਮੈ ਸਦੈਵ ਤੇਜ ਪਾਲਤੋ ਪਰਪੰਚ ਕੋ ਅਲੇਪ ਪੁੰਨ ਪਾਪ ਤੇ।
ਦੇਸ ੨ ਦਾਸਨ ਕੋ ਦੀਨਨ ਕੋ ਦਾਨੀ ਦੀਹ ਦੋਖ ਦੂਖ ਦੁਜਨ ਦਲਯਾ ਦੂਰ ਦਾਪਤੇ॥
ਐਸੇ ਜੋ ਅਕਾਲ ਪੁੰਸ ਪਰੇਰਜੋ ਹੈ ਬਚਿਤਰ ਬੁਧਿ ਕਾਂਪਤੇ ਗਨੀਮ ਯੂਥ ਜਾਸਕੇ ਪਰਤਾਪ ਤੇ।
ਉਗ੍ਰ ਮੁੰਡ ਚੰਡ ਔਪਰਚੰਡ ਜੂ ਤ੍ਰਿਮੁੰਡ ਧੀਰ ਪੰਚ ਬੀਰ ਝੁੰਡ ਜੋ ਉਮੰਡ ਆਯੋ ਆਪ ਤੇ॥ ੫੨੮॥

ਸੋਰਠਾ
ਪਰਮ ਪੁਰਾਤਨ ਦਾਸ ਬਯਾਲ ਸੁਰਾਟ ਬਚਿੱਤਰ ਬੁਧਿ।
ਵਡ ਭਟ ਗੁਨ ਗਨ ਰਾਸ ਸੁੰਦਰ ਸਾਦਰਸੰਗ ਸਦ॥ ੫੨੯॥

ਦੋਹਿਰਾ
ਸੰਬਤ ਹਰ ਮੁਖ ਮਦਨ ਸਰ ਰਿਖਿ ਸਸਿ ਜਗ ਵਡ ਭਾਗ।
ਦਸਮੀ ਸੁਕਲਾ ਸੁਭਗ ਤਿਥਿ ਉਤਸਵ ਅਵਧਿ ਸੁ ਫਾਗ॥ ੫੩੦॥

**ਕਬਿੱਤ**

D: (Billu) Giani G (H Sahib) {208}

ਜੌਂ ਲੌਂ ਭੂਮਧਾਰੀ ਐਸੇ ਖਯਾਲ ਹੂੰ ਕੇ ਬੀਚ ਪਰੇ
ਤੌਂ ਲੌਂ ਹੀ ਬਚਿੱਤਰ ਬੁਧਿ ਬੇਗ ਹੂੰ ਸੇ ਪਾਯੋ ਹੈ।
ਮਾਨਖੀ ਅਨੂਪ ਅੰਗ ਚਾਰੋਂ ਹੀ ਭੁਜੰਗ ਸੰਗ
ਪਰੇਮ ਕੇ ਸੁਰੰਗ ਮੈਂ ਉਮੰਗ ਸ਼ਾਮ ਆਯੋ ਹੈ॥
ਆਯੁਧ ਸਜੀਲੇ ਦਿੱਬਯ ਅੰਬਰ ਅਮੋਲ ਨੀਲੇ
ਭੂਖਨ ਛਬੀਲੇ ਭੇਟ ਦੈਕੈ ਸੀਸ ਨਾਯੋ ਹੈ।
ਵਾਹੀ ਤਾਤ ਕਾਲ ਬਯਾਲ ਰਾਟ ਜੂ ਨਿਹਾਲ ਸਿੰਘ
ਧਯਾਨ ਕੈ ਅਕਾਲ ਕੋ ਵਿਸਾਲ ਮੋਦ ਪਾਯੋ ਹੈ॥ ੫੩੧॥

ਵਾਰ ਵਾਰ ਬੇਨਤੀ ਪ੍ਰਸੰਸ ਕੈ ਪ੍ਰਨਾਮ ਕੀਨ
ਅੰਬਿਕਾ ਅਕਾਲ ਪੁੰਸ ਗ੍ਰੰਥ ਜੂ ਜੁਹਾਰ ਕੈ।
ਸਾਰੀ ਸੌਂਜ ਹਾਥ ਲੈ ਸੁ ਨਾਖ ਕੇ ਰੁਮਾਲੈਂ ਰਾਖ
ਟੇਕ ਮਾਥ ਪ੍ਰੇਮ ਸਾਥ ਚਿੰਤ ਕੋ ਵਿਸਾਰ ਕੈ॥
ਸੋਧਯੋ ਅਰਦਾਸੋ ਦੀਨ ਆਯਸ ਅਸੇਸ ਦੀਨ
ਰੱਛਕੈ ਪ੍ਰਤੱਛ ਦੀਨ ਗਾਜੋ ਪਾਪ ਛਾਰਕੈ।
ਕਾਂਪੈ ਦੇਵ ਦਾਨੋ ਦੇਖ ਨੀਲ ਕੋ ਸੁਹਾਨੋ ਬਾਨੋ
ਧਾਰੋ ਨੀਕ ਜਾਨੋ ਬਾਤ ਮਾਨੋ ਸੰਕਟਾਰ ਕੈ॥ ੫੩੨॥

ਘਨਾਛਰੀ ਛੰਦ
ਸ੍ਰੌਨ ਕੈ ਸੁਵਾਨੀ ਈਸ ਦਾਸ ਜੋ ਪਚੀਸ ਤੀਸ ਪ੍ਰੇਮ ਸੌ ਅਸੀਸ ਦੈ ਲੁਠਾਯੇ ਸੀਸ ਹਾਥ ਜੋਰ। ਕੇਤੀ ਭਾਂਤਿ ਭਾਂਤਿ ਸੌ ਪ੍ਰਸੰਸ ਕੈ ਪਰਮੋਦ ਲੀਨ ਬੇਨਤੀ ਸੁ ਕੀਨ ਵਾਕ ਮਾਨੋ ਪ੍ਰੇਮ ਸੁਧਾ ਬੋਰ॥
ਦੀਨ ਬੰਧ ਦਯਾ ਸਿੰਧੁ ਪ੍ਰਾਨ ਕੇ ਅਧਾਰ ਕੀਰਤੀ ਪਰਤਾਪ ਥਾਰੋ ਮਾਚਗੋ ਚਹੂੰਘਾਂ ਸੋਰ। ਐਸੇ ਆਜ ਬੀਰ ਬੀਯੋ ਕੌਨ ਹੈ ਤ੍ਰਿਭੌਨ ਬੀਚ ਆਯਸ ਤਿਹਾਰੀ ਕੋ ਉਲੰਘ ਕੈ ਹੈ ਬਾਤ ਹੋਰ॥ ੫੩੩॥

## ਕਬਿੱਤ

ਹ੍ਵੈ ਕੋ ਮੋਦ ਭਾਰੀ ਤੇਜ ਧਆਰੀ ਤੌਂ ਨਿਹਾਰੀ ਸੌਂਜ
ਸਾਰੀ ਸੋ ਓਠਾਰੀ ਚੌਖ ਚੌਂਕੀ ਪੈ ਧਰਾਈ ਹੈ।
ਮੰਤ੍ਰ ਏਕ ਆਦਿ ਖੋੜ ਸਾਖਰ ਸੁ ਪੰਚ ਵਾਰ
ਪਾਠਕੈ ਪ੍ਰਤੀਤਿ ਗ੍ਰੀਵ ਨੈਕ ਸੀ ਲੁਠਾਈ ਹੈ॥

1 to 113 {Nirmal Parbhakar}
114 to 222 {Sikhi Parbhakar}
D: (Billu) Giani G (H Sahib) {209}

ਜਾਪ ਕੋ ਅਠਾਰਵੋਂ ਸੁ ਛੰਦ ਖੂਬ ਜਾਪ ਕੀਨ
ਧੂੰਸਕ ਤ੍ਰਿ ਤਾਪ ਜੋ ਪ੍ਰਸੰਸ ਈਸ ਗਾਈ ਹੈ।
ਵੈਸੇ ਹੀ ਪ੍ਰਬੰਧ ਬੀਯੇ ਆਦਿਕੇ ਸੁ ਚਾਰੋਂ ਪਾਦ
ਬੋਲ ਕੈ ਜੈਕਾਰ ਮਾਤ ਅੰਬਿਕਾ ਮਨਾਈ ਹੈ ॥ ੫੩੪ ॥
ਕੀਨੀ ਹੈ ਸੁ ਭੇਟਾ ਜੋਈ ਪ੍ਰੀਤਿ ਸਜੋਂ ਬਚਿੱਤ੍ਰ ਬੁੱਧਿ
ਸੋਈ ਸੌਂਜ ਧਾਰੀ ਦੀਨਬੰਧੁ ਜੂ ਵਿਚਾਰ ਕੈ।
ਨੀਲਕੋ ਸੁ ਬਾਨੋ ਅੰਗੀਕਾਰ ਕੈ ਨਿਸੰਕ ਨਾਥ
ਸਾਜਕੈ ਦੁਮਾਲੋ ਕੇਤੁ ਕੇਤੀ ਹੀ ਝੁਲਾਰ ਕੈ ॥
ਭੂਖਨ ਸਜੀਲੇ ਮਣੀ ਦਿੱਬਯ ਜੇ ਜਟੀਲੇ ਜੇਬ
ਆਯੁਧ ਛਵੀਲੇ ਗਹੇ ਅੰਬਿਕਾ ਜੁ ਹਾਰ ਕੈ।
ਜੈਸੇ ਬੀਰ ਬਾਗੋ ਸੋਭਨੀਕ ਭਾ ਭੁਜੰਗ ਈਸ
ਐਸੋ ਨ ਜਨਾਯੋ ਕਾਹੂੰ ਗ੍ਰੰਥ ਮੈਂ ਉਚਾਰ ਕੈ ॥ ੫੩੫ ॥

ਘਨਾਛਰੀ ਛੰਦ
ਕੈਧੌਂ ਬੀਤ ਮੰਤ੍ਰ ਓਅੰਕਾਰ ਕੋ ਅਕਾਰ ਸਾਰ ਝੂਲੈ ਦੀਨ ਝੰਡੋ ਕਿਧੌਂ ਸੀਸ ਪੈ ਸੁ ਲੀਨੋ ਪੇਸ਼।
ਨਾਮ ਜੋ ਭੁਜੰਗੀ ਕਿਧੌਂ ਬਾਂਕੁਰੇ ਉਠਾਯੋ ਫੱਨ ਕੇਸਰੀ ਨਿਹਾਲ ਊਚ ਕੀਨੋ ਕੈ ਨਮੂਨੋ ਕੇਸ ॥
ਕੈਧੌਂ ਮਨ ਫੀਲ ਭਾਰੀ ਅੰਕਸ ਬਨਾਯੋ ਨਾਥ ਸੀਸ ਪੈ ਸੁ ਨੀਲ ਰੰਗ ਚਾਲਜੋ ਕਿੱਧੌਂ ਬਜੌਂਮ ਦੇਸ।
ਕਾਲੋ ਮਣੀ ਪੁੰਜ ਕੋ ਨਿਰਾਲੋ ਕੈ ਸਿਵਾਲੋ ਖੂਬ ਕੈਧੌਂ ਫਤੇ ਸਿੰਘ ਜੂ ਕੋ ਸੋਭਤੋ ਦੁਮਾਲੋ ਬੇਸ ॥ ੫੩੬ ॥
ਕੈਧੌਂ ਜੀਵ ਘਾਤ ਕੀ ਜੁ ਪਾਤ ਕੀ ਮਲੇਛ ਪੁੰਜ ਤਾਸ ਨਾਸ ਬੇਕੌਂ ਤਮੋ ਉਦੈ ਕੀਯੋ ਬਜਾਲ ਰਾਜ।
ਕੈਧੌਂ ਸੰਤ ਗ੍ਰੰਥ ਨਾਥ ਨਿੰਦਕ ਸਕੰਧ ਭਾਰੇ ਤੋੜ ਬੇਕੋ ਸੁੰਡ ਊਚ ਕੀਨੋ ਗਨਾ ਧੀਸ ਗਾਜ ॥
ਕੈਧੌਂ ਸੁਰਬੀਰਤਾ ਕੇ ਮੂਸਲ ਉਠਾਯੋ ਸੀਸ ਕੈਧੌਂ ਨੀਲ ਸ੍ਰਿੰਗ ਸੋਹੈ ਸੈਲ ਕੋ ਆਨੂਠੋ ਸਾਜ।
ਬੰਬੋਯਾਗ ਧੂਮ ਕੈਧੌਂ ਕੇਸਰੀ ਨਿਹਾਲ ਪਜਾਰੇ ਕੈਧੌਂ ਫਤੇ ਸਿੰਘ ਜੂ ਕੋ ਸੋਭ ਤੋ ਦੁਮਾਲੋ ਆਜ ॥ ੫੩੭ ॥

ਦੋਹਿਰਾ
ਸਜਤ ਦੁਮਾਲੋ ਸੀਸ ਪ੍ਰਭੁ ਸਬ ਕਰਮਨ ਹਰ ਲੇਤ।
ਮਾਨਹੁ ਮਦਨ ਸੁ ਬਾਗ ਕੋ ਸੁਭਗ ਸਰੂਛਵਿ ਦੇਤ ॥ ੫੩੮ ॥
ਤਹਿ ਪਰ ਭੂਖਨ ਸ਼ਸਤਰ ਲਘੁ ਰਤਨ ਪੁਰਟ ਮਯ ਸਾਜ।

1 to 113 {Nirmal Parbhakar}
114 to 222 {Sikhi Parbhakar}
D: (Billu) Giani G (H Sahib) {210}

ਚਮਕਤ ਦਮਕਤ ਨਵਲ ਛਵਿ ਝਕਤਿ ਕਥਤਿਕ ਕਵਿ ਰਾਜ॥ ੫੩੯ ॥

**ਕਬਿੱਤ**

ਬਾਂਕੀ ਜੇਬ ਕਲਗੀਸ ਜਿਗਾ ਗਜਗਾਹ ਬੇਸ
ਤੋੜੇ ਚੰਦ ਚਕ੍ਰ ਕੀ ਮਯੂਖ ਧਾਈਯਤ ਹੈ।
ਖੰਡੇ ਕੀ ਕ੍ਰਿਪਾਨ ਕੀ ਪਯਸੰਸ ਕੋ ਵਖਾਨੈ ਕੌਨ
ਬੀਚ ਮੈ ਸੁ ਪੰਚਕ ਪਰਤਾਪ ਛਾਈਯਤ ਹੈ॥
ਵੇਰ ਵੇਰ ਹੋਰ ਹੇਰ ਦੇਵਤੌ ਅਚੰਭਾ ਚੀਤ ਆਜਕੀ
ਸੁ ਝਾਕੀ ਕੋ ਨ ਪਾਰ ਪਾਈਯਤਿ ਹੈ।
ਸੰਭੁ ਕੋ ਸੁਰੇਸ ਕੋ ਨਿਸੇਸ ਕੋ ਦਿਨੇਸ ਕੋ
ਜਲੇਸ ਕੋ ਥਨੇਸ ਕੋ ਅਸੇਸ ਭਾਈਯਤਿ ਹੈ॥ ੫੪੦ ॥

ਦੋਹਿਰਾ

ਅਦਭੁਤ ਸ਼ਸਤਰ ਬਚਿੱਤ੍ਰ ਬਹੁ ਕਮਰ ਸੁਕਸ ਭਰਪੂਰ।
ਵਰਨਤਿ ਵਢਤਿ ਪ੍ਰਬੰਧ ਵਡ ਚਲਤਿ ਕਥਾ ਅਤਿ ਦੂਰ॥ ੫੪੧ ॥

**ਕਬਿੱਤ**

ਬਾਨੋ ਸੁਰ ਬੀਰ ਕੋ ਪਰਚੰਡ ਜੋਸਨਯ ਬੱਧ
ਭਾਰੀ ਤੇਜ ਪੁੰਜ ਬਯਾਲ ਰਾਟ ਜੂ ਸਜਾਯੋ ਹੈ।
ਵੈਸੇ ਹੀ ਸਿਖਾਯੋ ਬ੍ਰਿੰਦ ਪਯਾਰੇ ਜੈ ਪਰਬੀਨ ਪਾਸ
ਗਾਜ ਕੈ ਜੈਕਾਰੋਂ ਉਚ ਜੋਰ ਸੇ ਗਜਾਯੋ ਹੈ॥
ਪਾਛੇ ਦੀਨ ਬੰਧੁ ਜੂ ਬਿਬੇਕ ਜੋ ਅਨੇਕ ਭਾਂਤਿ
ਵੇਦ ਕੀ ਮ੍ਰਿਯਾਦ ਸਜੋਂ ਪ੍ਰਮੋਦ ਸੌਂ ਅਲਾਯੋ ਹੈ।
ਸੰਤਨ ਕੋ ਸੰਗ ਈਸ ਪਰੇਮ ਕੋ ਊਮੰਗ ਰੰਗ
ਪੁੰਨ ਅੰਗ ਪਾਪ ਭੰਗ ਦੀਨ ਜੰਗ ਗਾਯੋ ਹੈ॥ ੫੪੨ ॥

ਪਾਲੋ ਗਰੰਥ ਨਾਥ ਰੀਤਿ ਬੀਤੈ ਗੋ ਸੁਖਾਲੋ ਕਾਲ
ਚਾਲੋ ਸੰਤ ਚੋਖੀ ਚਾਲ ਟਾਲੋ ਗੇਹ ਕੀਲੋ ਹੈ।
ਕੀਨੋ ਤੇਗ ਧਾਰੀ ਪੰਥ ਕੇਸਰੀ ਖਿਤਾਬ ਦੀਨੋ
ਰੂਪ ਤੌ ਨਗੀਨੇ ਚੀਨੋ ਇੰਦ੍ਰ ਸੇ ਛਵੀਲੋ ਹੈ॥
ਜੌ ਲੌ ਸਾਧੁ ਦੀਨ ਧੇਨੂ ਹੋਵੈਗੋ ਸੁ ਪਾਂਯ ਰੇਨੂ

1 to 113 {Nirmal Parbhakar}
114 to 222 {Sikhi Parbhakar}
D: (Billu) Giani G (H Sahib) {211}

ਨਾਤੌਂ ਬਨੁ ਫੇਨੁ ਖੇਨੁ ਖਾਲੀ ਪੇਟ ਹੀਲੋ ਹੈ।
ਕਾਲੋਹੀ ਰੰਗੀਲੋ ਬੇਸ ਡਾਲੌਂ ਜੌਂ ਨ ਤੀਲੋ ਚੀਤ
ਨਾਲੋ ਜੌਂ ਨ ਢੀਲੋ ਤੌਂ ਦੁਮਾਲੋ ਏ ਸਜੀਲੋ ਹੈ ॥ ੫੪੩ ॥

ਘਾਲੀ ਹੈ ਸੁਭਾਰੀ ਘਾਲ ਪ੍ਰਾਕਜੇ ਕਪਾਲੀ ਆਦਿ
ਨੀਰਸੀਤ ਆਤਮ ਸੁਖਾਲੀ ਝਾਲ ਝਾਲੀ ਹੈ।
ਪਾਲੀ ਹੈ ਸੁ ਰੀਤਿ ਸੋਈ ਟਾਲੀ ਹੈ ਕੁਚਾਲੀ ਲੋਕ
ਜਾਲੀ ਮੋਹ ਜਾਲੀ ਲੋਭ ਦੀਨਿ ਤਾਨਿ ਕਾਲੀ ਹੈ ॥
ਗਾਲੀ ਹੈ ਗਲੀਚਤਾ ਅਨੀਚਤਾ ਬਹਾਲੀ ਬੇਸ
ਰੀਝ ਕੈ ਉਤਾਲੀ ਤੋਹ ਦੀਨੀ ਮੋਖ ਤਾਲੀ ਹੈ।
ਵਾਲੀ ਹੈ ਅਕਾਲ ਜੂ ਨਿਰਾਲੀ ਹੈ ਮ੍ਰਯਾਦ ਚੋਖ
ਕਾਲੀ ਰੱਛ ਵਾਲੀ ਹੈ ਸੁ ਪੰਥ ਏ ਅਕਾਲੀ ਹੈ ॥ ੫੪੪ ॥

ਜੋਧੋ ਹੈਂ ਸੁ ਜੰਗ ਬੀਚ ਮਾਂਗਤੇ ਉਮੰਗ ਮੀਚ
ਭਾਗ ਤੇ ਕੁਸੰਗ ਨੀਚ ਮੂਢ ਜੇ ਪਲਾਲੀ ਹੈ।
ਵਾਹਗੁਰੂ ਨੀਕੋ ਜਾਪ ਹੀਯੇ ਪ੍ਰਭੁ ਜੀਕੋ ਥਾਪ ਲੀਨੋ
ਜਸ ਟੀਕੋ ਆਪ ਦੇਗ ਤੇਗ ਵਾਲੀ ਹੈ ॥
ਸੋਭਤੇ ਸਜੀਲੇ ਰੂਪ ਲੋਭ ਤੇ ਛਵੀਲੇ ਭੂਪ
ਛੋਭਤੇ ਹਠੀਲੇ ਚੂਪ ਈਸ ਪੰਥ ਚਾਲੀ ਹੈ।
ਨਾਲੇ ਕੇਰ ਜਤੀ ਬੀਰ ਬਾਲੇ ਸੇਰ ਸਤੀ ਧੀਰ ਢਾਲੇ
ਢੇਰ ਮਤੀ ਪੀਰ ਸਿੰਘ ਏ ਅਕਾਲੀ ਹੈ ॥ ੫੪੫ ॥

ਪੰਥ ਏ ਅਕਾਲੀ ਹੈ ਅਕਾਲ ਕੋ ਜਪਯਾ ਧੀਰ
ਕਾਲੀ ਜਾਸ ਮਯਾ ਔ ਸ਼ਹੀਦ ਝੁੰਡ ਭਯਾ ਹੈ।
ਦੀਨਕੋ ਬਚਯਾ ਖੈਰ ਖੂਬੀ ਕੋ ਦਵਿਯਾ
ਰੰਗ ਰਾਗ ਕੋ ਸੁਨਯਾ ਖੁਸੀ ਮੋਜ ਕੋ ਬਢੀਯਾ ਹੈ ॥
ਪਰੇਮ ਕੋ ਜਗਯਾ ਮੋਖ ਸਾਧਨਾ ਸਝਯਾ
ਚੋਖ ਚੰਚਲ ਛਲਯਾ ਮੋਹ ਜਾਲਕੋ ਕਟਯਾ ਹੈ।
ਜੰਗ ਕੋ ਮਚਯਾ ਜੇਬ ਜੇਤਿਕੋ ਧਰਯਾ
ਗਰਭ ਗਾਫਲ ਗਲਯਾ ਗਢ ਗਾਡੇ ਕੋ ਤੜਯਾ ਹੈ ॥ ੫੪੬ ॥



D: (Billu) Giani G (H Sahib) {212}

ਪੰਥ ਤੌਂ ਅਕਾਲੀ ਮਾਤ ਕਾਲੀ ਕੇ ਸੁਛਯਾ ਛੈਲ
ਗਰੰਥ ਜੂ ਪੂਜਯਾ ਪ੍ਰੀਤਿ ਨੇਮ ਸੋ ਪਢਯਾ ਹੈ।
ਆਯੁਧ ਸਜਯਾ ਬੈਸ ਬਾਜੀ ਪੈ ਚਢਯ ਬੇਗ
ਦੁਰਜਨ ਦਲਯਾ ਦੇਗ ਤੇਗ ਕੋ ਚਲਯਾ ਹੈ॥
ਗਯਾਕੋ ਰਖਯਾ ਸਾਧੁ ਸੰਗਤਿ ਲਵਯਾ
ਮੌਦ ਈਸਕੋ ਜਪਯਾ ਗੁਣਾਵਾਦ ਕੋ ਗਵਯਾ ਹੈ।
ਭਰਮ ਕੋ ਮਿਟਯਾ ਮੰਦ ਕਰਮ ਕੋ ਕਟਯਾ
ਲੋਕ ਸ਼ਰਮ ਕੋ ਹਟਯਾ ਨਾਥਮਰਮ ਕੋ ਜਨਯਾ ਹੈ॥ ੫੪੭॥

ਧਰਮ ਕੇ ਧੁਰੰਧਰ ਉਦਾਰਤਾ ਕੇ ਧਾਰਾ
ਧਰ ਭੋਲੇ ਭਾਲ ਭਾਜਤੇ ਝਕੋਲੇ ਪਰੇਮ ਰੰਗ ਮੈਂ।
ਸਰਬ ਲੋਹ ਪਜਾਰੇ ਅਰਬ ਖਰਬ ਲੌਨ ਦਰਬ ਬੰਧ
ਨੈਕਹੂੰ ਨਗਰਬ ਪੁੰਨ ਪਰਬ ਯਾਂਕੇ ਸੰਗ ਮੈਂ॥
ਸਾਜ ਕੈ ਸੁ ਬਾਨੋ ਸੂਰ ਗਾਜ ਕੈ ਮ੍ਰਿਗਿੰਦ ਭੂਰਿ
ਭਾਜ ਕੈ ਗਨੀਮ ਕੋ ਬਿਦਾਰੈ ਜੋਰ ਜੰਗ ਮੈਂ।
ਮੋਦ ਕੇ ਤਰੰਗਮੇਂ ਉਮੰਗ ਕੈ ਉਤੰਗ ਪੰਥ ਲੋਕ
ਦੰਗ ਕੈ ਬੋ ਸਕੀਨੇ ਏਕ ਨਿਹੰਗ ਮੈਂ॥ ੫੪੮॥
ਹ੍ਵੈ ਕੈ ਸਾਧੁ ਸੰਗੀ ਧਾਰ ਲੀਜਿਯੇ ਸੁ ਚੰਗੀ ਥਾਤ
ਛੋਰੋ ਏਕ ਅੰਗੀ ਨਾ ਵਿਤੰਡਾ ਵਾਦ ਠਾਨਿਯੇ।
ਜੇਤੇ ਅੜ ਬੰਗੀ ਔਕੁਢੰਗੀ ਹੈ ਕੁਰੰਗੀ ਨੀਚ
ਹੁਜਿਯੇ ਨਦੰਗੀ ਚੀਤ ਤੰਗੀ ਹੂ ਨ ਮਾਨਿਯੇ॥
ਨੰਗੀ ਕੈ ਉਤੰਗੀ ਤੇਗ ਝਾੜਿਏ ਮਲੇਛ ਮੁੰਡ
ਹ੍ਵੈ ਕੈ ਘੋਰ ਭੰਗੀ ਨ ਮਲੰਗੀ ਚਾਲ ਆਨਿਯੇ।
ਸਲਾਹੈਂਗੇ ਫਿਰੰਗੀ ਝੁੰਡ ਤਾਪੈਂਗੇ ਦੁਰੰਗੀ
ਦੇਖ ਦੀਨ ਹੇਤੁ ਜੰਗੀ ਏ ਭੁਜੰਗੀ ਪੰਥ ਜਾਨਿਯੈ॥ ੫੪੯॥

ਦੋਹਿਰਾ
ਤੁਮ ਹਮ ਅਬ ਪ੍ਰਾਚੀਨ ਸਬ ਅਹਹਿ ਭੁਜੰਗ ਲਲਾਮ।
ਸੁਭਟ ਭੁਜੰਗ ਪੰਥ ਜਗ ਪ੍ਰਗਟ ਸਾਰਥਕ ਨਾਮ॥ ੫੫੦॥
ਜਪ ਤਪ ਸਤ ਸੰਤੋਖ ਬ੍ਰਤ ਬ੍ਰਹਮ-ਚਰਜ ਹਠ ਧਾਰ॥
ਸਜਯ ਦੁਮਾਲੋ ਧਰਮ ਹਿਤੁ ਤਜਯ ਸਕਲ ਸੰਸਾਰ॥ ੫੫੧॥

1 to 113 {Nirmal Parbhakar}
114 to 222 {Sikhi Parbhakar}
D: (Billu) Giani G (H Sahib) {213}

ਸੋਰਠਾ
ਇਹ ਬਾਨੋ ਰਿਖਿ ਰਾਜ ਨਹਿ ਅਧਿਕਾਰ ਗ੍ਰਹਸਤ ਕੋ।
ਹੈ ਭਟ ਸਾਜ ਸਮਾਜ ਧਰਮ ਧੁਰੰਤਰ ਧੀਰ ਧ੍ਰਵ ॥ ੫੫੨ ॥

ਸਵੈਯਾ
ਜਬ ਲੌਂ ਇਹ ਪੰਥ ਸਤੀ ਸੁ ਜਤੀ ਤਬ ਲੌਂ ਜੱਸ ਕੋ ਬੁਧਿ ਬ੍ਰਿੰਦ ਪਢੈਗੋ।
ਜਬ ਲੌਂ ਪਰ ਅੰਸ ਅਲੇਪ ਰਹੈ ਤਬ ਲੌਂ ਮਤਿ ਊਜਲ ਆਬ ਕਢੈਗੋ॥
ਜਬ ਲੌਂ ਸਬ ਆਪਸ ਬੀਚ ਮਿਲਜੋ ਤਬ ਲੌਂ ਜਿਤ ਹੈ ਜਹਿ ਦੇਸ ਚਢੈਗੋ।
ਜਬ ਲੌਂ ਸੁਭ ਸੰਤ ਅਸੀਸ ਲਹੈ ਤਬ ਲੌਂ ਅਤਿ ਤੇਜ ਪ੍ਰਤਾਪ ਬਢੈਗੋ ॥ ੫੫੩ ॥

ਦੋਹਿਰਾ
ਬਾਨੋ ਕਾਰੋ ਰੰਗ ਕੋ ਜਾਨੋ ਅਤਿ ਛਵਿ ਖਾਨ।
ਲਗਤ ਸੁਹਾਨੋ ਜਗਤ ਪ੍ਰਿਯ ਦਾਨੋ ਅਮਰ ਪ੍ਰਮਾਨ ॥ ੫੫੪ ॥

**ਕਬਿੱਤ**

ਕਾਰੀ ਰਿਤੁ ਪਾਵਸ ਕੀ ਸੋਭਤੀ ਸੁ ਘਟਾ
ਝੂਮਕਾਰੀ ਹੈ ਅਮਾਵਸ ਪ੍ਰਯੋਗ ਸਿੱਘ ਅੰਗਪੈ।
ਕਾਰੀ ਦਿੱਬਯ ਮਣੀ ਕੀ ਪ੍ਰਸੰਸ ਕੋ ਵਖਾਨੈ ਦੇਵਕਾਰੀ
ਸਿਲਾ ਪਾਰਸ ਕੀ ਆਰੀ ਭੂਖ ਨੰਗ ਪੈ ॥
ਕਾਰੀ ਗੋਗੁਨਾਨਕੀ ਵਿਸ਼ੇਸ਼ ਕੈ ਪ੍ਰਸਿੱਧ ਸੀਮ
ਕਾਰੀ ਧਾਰ ਯਮਨ ਕੀ ਗੰਗ ਕੇ ਤਰੰਗ ਪੈ।
ਕਾਰੀ ਹੈ ਸੁ ਲਹਿਰੈਂ ਮਹੋਦਧੀ ਪ੍ਰਨਾਮ ਯੋਗ
ਮੇਰੋ ਮਨ ਪੌਢ ਗੋ ਪਰਮੋਦ ਕਾਰੇ ਰੰਗ ਪੈ ॥ ੫੫੫ ॥

ਕਾਰੀ ਲੋਹ ਭਾਰੀ ਧਾਤੁ ਅੰਬਿਕਾ ਸਰੂਪ ਨੀਕ
ਜਾਸਕੇ ਅਧੀਨ ਲੋਕ ਸਾਰੋ ਕਾਜ ਖੁਲ ਹੈ।
ਪ੍ਰਾਨ ਹੈ ਤ੍ਰਿਖਾਨ ਕੋ ਕ੍ਰਿਸਾਨ ਕੋ ਪ੍ਰਮਾਨ ਪਜਾਰੀ
ਅੰਗੁ ਚੀਰ ਫਾਰਨ ਕੋ ਵੈਦ ਤੌਂ ਪਰਫੁੱਲ੍ਹ ਹੈ ॥
ਚੀਰ ਕੇ ਸਿਵਯਾ ਬੀਰ ਪੰਥਕੇ ਵਨਯਾ
ਹਾਥ ਭੂਖਨ ਗਢੀਯਾ ਹੱਟ ਖੋਲ ਤੋ ਨ ਭੁਲ ਹੈ।

D: (Billu) Giani G (H Sahib) {214}

ਆਯੁਧ ਅਮੂਲ ਰਾਜ ਤੇਜ ਕੋ ਅਤੁਲ ਬੀਜ
ਕੁਲ ਸੌਜ ਇੰਦ੍ਰ ਕੀਨ ਕਾਰੇ ਰੰਗ ਤੁਲ੍ਯ ਹੈ ॥ ੫੫੫ ॥

ਕਾਰੋ ਯਾਗ ਧੂਮ ਮੇਘ ਭਾਵਤੋ ਪਰਮੋਦ ਰੂਪ
ਕਾਰੋ ਬਾਗ ਸੈਲ ਔ ਅਰੰਨ ਸੋਹੀਯਤਿ ਹੈ।
ਕਾਰੋ ਨਾਗ ਮੂੰਡ ਪੈ ਪ੍ਰਕਾਸਤੀ ਅਮੋਲ ਮਣਿ
ਕਾਰੋ ਲਾਜ ਵਰਦ ਚਿੱਤ੍ਰਹੀ ਯੋ ਪੋਹੀਯਤ ਹੈ ॥
ਕਾਰੋ ਕੰਜ ਮੰਜ ਕਾਰੀ ਵਲਿਕਾ ਨਿਕੁੰਜ ਚਾਰੁ
ਕਾਰੋ ਭੌਰ ਪੁੰਜ ਗੂੰਜ ਸ੍ਰੌਨ ਜੋਹੀਯਤਿ ਹੈ।
ਕਾਰੋ ਜੋਤਿਲਾਦਿ ਆਛੋ ਲੰਛਨ ਸੁ ਗਾਤ ਸੂਖ
ਕਾਰੋ ਰੰਗ ਦੇਖ ਦੇਵ ਝੁੰਡ ਮੋਹਿਯਤਿ ਹੈ ॥ ੫੫੬ ॥

ਕਾਰੀ ਹੱਥ ਪਾਨ ਕੀ ਸੁ ਲਾਲਿਮਾ ਉਘਾਰੀ ਦੋਖ
ਮਿਸੀ ਭੌਹ ਨੈਨ ਕਾਰੇ ਅੰਜਨ ਸੁਧਾਰੇ ਹੈਂ।
ਕਾਰੇ ਕੇਸ ਬੇਸ ਮੋਹੈ ਕਾਰੀ ਲਟਕੀਲੀ ਲਟਕਾਰੀ
ਚਿੱਤ ਕਾਰੀ ਗੋਦ ਭਾਰੀ ਮੋਦ ਧਾਰੇ ਹੈਂ ॥
ਕਾਰੀ ਰੋਮ ਰਾਜੀ ਜੋ ਵਿਰਾਜੀ ਮੀਤ ਰਾਜੀ ਚੀਤ
ਕਾਰੀ ਪਿਕ ਮੈ ਨਿਕਾਸ ਬੋਲ ਹੂੰ ਉਚਾਰੇ ਹੈਂ।
ਸੋਹਨੀ ਨਵੀਨ ਸਜਾਮਾ ਕਾਰੀ ਹਾਥ ਚੂਰੀ ਸੋਹ
ਕਾਰੇ ਰੰਗ ਬੀਚ ਮੈਂ ਤ੍ਰਿਲੋਕ ਰੰਗ ਜਾਰੇ ਹੈਂ ॥ ੫੫੭ ॥

ਕਾਰੀ ਸਿਲਾ ਗਯਾ ਆਦਿ ਚੀਜ ਚਾਰੁ ਕਾਰੀ ਚੋਖ
ਚਿਪੀ ਪਾਕ ਪਾਤ੍ਰ ਮੈਂ ਪ੍ਰਧਾਨ ਹੈ।
ਕਾਰੀ ਸੁੱਧ ਸੋਧ ਕੈ ਅਫੀਮ ਆਯ ਭਾਰੀ ਮੋਦ
ਕਾਰੇ ਹੈਂ ਸੁ ਮਖਦਾਰ ਮਾਨੋ ਸ੍ਵਾਦ ਖਾਨ ਹੈ ॥
ਕਾਰੇ ਤਿਲ ਮਾਘ ਮੈ ਪੁਨੀਤ ਔ ਦਵਾਈ ਤੇਲ
ਕਾਰੋ ਸਿੰਸ ਪਾਦਿ ਕਾਠ ਮੋਲ ਤੋ ਮਹਾਨ ਹੈ।
ਕਾਰੀ ਹੈ ਸਲੇਟ ਕਾਰੀ ਲੇਖਨੀ ਪਰਤੱਛ ਅਛ
ਕਾਰੋ ਰੰਗ ਸਾਰੋ ਚਾਰ ਕੂੰਟ ਮੈਂ ਪ੍ਰਮਾਨ ਹੈ ॥ ੫੫੮ ॥

ਸੋਰਠਾ

ਆਤਸੀ ਆਦਿ ਪ੍ਰਸੂਨ ਜੰਬੂ ਆਦਿ ਪਿਯੂਖ ਫਲ।
ਪਰਮ ਔਸ਼ਧੀ ਲੂਨ ਬੰਸ ਨਯਨ ਜੀ ਆਦਿ ਜਗ॥ ੫੫੯॥

**ਕਬਿੱਤ**

ਜਾਨਯੋ ਜਾਤ ਮਰਦ ਹੈ ਸੁ ਕਾਰੋ ਅੰਕ ਅੰਗ ਹੇਰ
ਲੋਕ ਮੈਂ ਪ੍ਰਸਿੱਧ ਚਿੜੋ ਖੰਜਨ ਕੁਰੰਗ ਹੈ।
ਕਾਰੀ ਕਸਤੂਰੀ ਬੇਸ ਔਸ਼ਧੀ ਸੁਗੰਧ ਖੂਬ
ਕਾਰੀ ਕਾਂਬਰੀਕੀ ਓਪ ਕਾਜ ਮੈਂ ਉਤੰਗ ਹੈ॥
ਕਾਰੋ ਬੀਰ ਬੀਛੀ ਡੰਕ ਤੀਛੀ ਹੈ ਸੁ ਯਾਂਕੀ ਤੇਗ
ਸੈਨਾ ਕੋ ਸੀਂਗਾਰ ਕਾਰੋ ਦੇਖਿਯੇ ਮਤੰਗ ਹੈ।
ਲੈ ਕੈ ਤਮਸਾਮਾ ਹੀਯ ਸੋਭ ਤੋ ਤ੍ਰਿਯਾਮਾ ਚੰਦ
ਸਯਾਮਾ ਅਭਿ ਸਾਰਿਕਾ ਸੁ ਪ੍ਰਆਨ ਕਾਰੋ ਰੰਗ ਹੈ॥ ੫੬੦॥

ਕਾਰੋ ਮੂੰਛ ਦਾੜੋ ਦੇਖ ਦੇਤ ਹੈਂ ਪ੍ਰਮੋਦ ਬਯਾਹ
ਕਾਰੀ ਬੇਸ ਬਿੰਦਿਕਾ ਕਪੋਲ ਬਾਲ ਰੱਛ ਹੈ।
ਕਾਰੋ ਨੱਕ੍ਰ ਭਾਰੋ ਭੀਮ ਘੂਮ ਤੋ ਅਭੀਤਿ ਸਿੰਧੁ
ਜੰਗ ਮੈਂ ਪ੍ਰਚੰਡ ਬੀਰ ਕਾਰੋ ਦੇਵ ਜੱਛ ਹੈ॥
ਕਾਰੋ ਭਾਨੁ ਪੁੱਤ੍ਰ ਕੇਰੀ ਦ੍ਰਿਸ਼ਿਟ ਹੈ ਬਲਿਸ਼ਟ ਤੇਜ
ਕਾਰੋ ਕਾਲ ਭੈਰਵ ਗਨੀਮ ਝੁੰਡ ਭੱਛ ਹੈ।
ਚਾਰੋ ਦਿਸ਼ਾ ਜੀਤ ਕੈ ਉਚਾਰੋ ਜੂ ਅਕਾਲ ਫਤੇ
ਕਾਰੋ ਰੰਗ ਧਾਰੋ ਪੇਖ ਪਯਾਰੇ ਏ ਪ੍ਰਤੱਛ ਹੈ॥ ੫੬੧॥

ਕਾਰੋਰਮਾ ਕੰਤ ਸਾਲਗਰਾਮ ਜੂ ਸੁਕਾਰੋ ਠੀਕ
ਕਾਰੋ ਰਾਮ ਕ੍ਰਿਸ਼ਨ ਜੂ ਪ੍ਰਸਿੱਧ ਹੈ ਪਰਬੀਨ ਮੈ।
ਕਾਰੋ ਕਾਮ ਦੇਵ ਜੂ ਪਰਚੰਡ ਹੈ ਪਰਤਾਪ ਯਾਂਕੋ
ਕਾਰੋ ਹੀਰ ਸੇਸ ਬੂਝੋ ਵੈਠ ਕੈ ਗੁਨੀਨ ਮੈਂ॥
ਕਾਰੋ ਕਾਲ ਕਾਲਿਕਾ ਕਲੋਲ ਤੇ ਕਲੰਕ ਹੀਨ
ਕਾਰੋ ਨੀਲ ਕੋਲ ਓਪ ਗਾਵੋਂ ਨਾ ਵੀਨ ਮੈ।
ਕਾਰੋ ਰੂਪ ਸਯਾਹੀ ਵੇਦ ਗਰੰਥ ਜੂ ਲਿਖਾਯੋ ਨਾਥ
ਕਾਰੋ ਰੰਗ ਪੂਜਨੇ ਕੇ ਯੋਗ ਲੋਕ ਤੀਨ ਮੈਂ॥ ੫੬੨॥

1 to 113 {Nirmal Parbhakar}
114 to 222 {Sikhi Parbhakar}
D: (Billu) Giani G (H Sahib) {216}

ਕਾਰੀ ਲੋਹ ਦੇਗ ਜਾਸ ਕੀਰਤੀ ਪਰਕਾਸ ਤਾਸ
ਕਾਰੋ ਹੀ ਸਜੋਇ ਢਾਲ ਤਾਲੋ ਰੱਛ ਵਾਯੋ ਹੈ।
ਕਾਰੋ ਭੇਸ ਨਾਲਕੌਸ ਵੈਸੋ ਹੀ ਸੁ ਮੇਘ ਰਾਗ
ਰਾਗਨੀ ਹਿੰਡੋਲ ਪਜਾਰੀ ਕਾਰੋ ਸਾਜ ਭਾਰੋ ਹੈ॥
ਕਾਰੋ ਹੀ ਪਿਯੂਖ ਵੇਰੋ ਸਾਂਤਿਕੀ ਪੁਨੀਤ ਹੇਰੋ
ਗਰੰਥ ਜੂ ਸੂ ਟੇਰਜੋ ਸਾਂਤ ਯਾਮ ਤੇ ਨਿਰਾਰੋ ਹੈ।
ਪੀਰ ਲਾਲ ਹਰੋ ਧੌਰੇ ਚਿੱਤਰ ਆਦਿ ਕੁੰਟ ਚਾਰੋ
ਰੰਗ ਜੋ ਵਚਿੱਤਰ ਸਾਰੋ ਅੰਤ ਕੋ ਤੌਂ ਕਾਰੋ ਹੈ॥ ੫੬੩॥

ਯਾਂਕੀ ਚੋਖ ਧੂਨੀ ਕੋ ਪਰਤਾਪ ਤੌਂ ਪਰਸਿੱਧ ਲੋਕ
ਕਾਢਤੀ ਪਿਸਾਚ ਭੂਤ ਪਰੇਤ ਔ ਬਿਤਾਲ ਕੋ।
ਪਰੀ ਦੇਵ ਜਿੰਨ ਕੋ ਝਟਾਕ ਦੈ ਲਪੇਟ ਲੇਤ
ਲਾਗੇ ਨਾ ਚਟਾਕ ਧੂਲਿ ਭਾਰੀ ਰੱਛ ਮਾਲ ਕੋ॥
ਸਾਜ ਕੈ ਸੁ ਬਾਗੋ ਜੰਗ ਜੋਧਾ ਜੋ ਪਧਾਰੈ ਜੋਸ਼
ਭਾਗਤੇ ਗਨੀਮ ਝੁੰਡ ਦੇਖੋ ਰੂਪ ਕਾਲਕੋ।
ਜੰਤਰ ਕੋ ਨ ਮੰਤਰ ਕੋ ਨ ਤੰਤਰਕੇ ਐਸੋ ਤੇਜ ਕਾਲੋ
ਰੰਗ ਪਜਾਰੋ ਤ੍ਰਿ ਕਾਲ ਮੈ ਅਕਾਲ ਕੋ॥ ੫੬੪॥

ਦੋਹਿਰਾ
ਖਾਨ ਪਾਨ ਪਹਿਰਾਨ ਗ੍ਰਹ ਸੰਗਤਿ ਦੁਖ ਪ੍ਰਦ ਚੀਨ।
ਨੀਲ ਕੰਠ ਨਿਜ ਰੱਛਹਿਤ ਨੀਲ ਕੰਠ ਧਰ ਲੀਨ॥ ੫੬੫॥
ਵਹੁ ਵਿਧਿ ਵਚਨ ਵਿਲਾਸ ਵਰ ਵਰਨਤਿ ਵਢਤਿ ਵਿਨੋਦ।
ਵਿਸਦ ਵਿਹਾਰ ਵਿਵੇਕ ਵਦ ਵਿਹਰਸਿ ਵਹੁਰ ਵਿਮੋਦ॥ ੫੬੬॥

**ਕਬਿੱਤ**
ਕੇਤੀ ਭਾਂਤਿ ਭਾਂਤਿ ਸਜੋਂ ਪਰਬੋਧ ਕੈ ਮ੍ਰਿਯਾਦ ਬੇਸ
ਅੰਬਿਕਾ ਅਕਾਲ ਜੂ ਕੋ ਚੀਤ ਮੈ ਚਿਤਾਰ ਕੈ।
ਢਾਂਢੇ ਏਕ ਵਾਰਗੀ ਸੁ ਗਰੰਥ ਜੂ ਲੁਠਾਯੋ ਸੀਸ
ਬੋਲ ਕੈ ਜੈਕਾਰ ਊਚ ਬਾਹੂ ਕੌ ਉਭਾਰ ਕੈ॥
ਭਾਰੀ ਬੀਰ ਝੁੰਡ ਕੇ ਵਿਲੋਕ ਕੈ ਸਨੱਧ ਬਸ
ਧਾਰਕੈ ਪਰਮੋਦ ਨਾਥ ਪੰਥ ਮੈ ਪਧਾਰ ਕੈ।

ਝਾਰਕੈ ਪਰਪੰਚ ਏ ਪਛਾਰ ਕੈ ਪਖੰਡ ਪੁੰਜ
ਡਾਰ ਕੈ ਪਖਾਨ ਕੋ ਸੁ ਧਾਰਜੋ ਪਾਪ ਛਾਰ ਕੈ ॥ ੫੬੭ ॥

ਬੀਚ ਮੈ ਵੁਜੰਗ ਨਾਥ ਸਾਥ ਮੈ ਭੁਜੰਗੀ ਸਿੰਘ
ਸੋਭਨੀਕ ਆਛੋ ਝੁੰਡ ਪੰਥ ਮੈ ਸੁਹਾਵਤੋ ।
ਲਾਗਤ ਸੁਹਾਨੋ ਬਾਨੋ ਹੂਯੇ ਦੰਗ ਦੇਵ ਦਾਨੋ
ਜੰਗ ਜੀਤ ਬੇਕੋ ਮਾਨੋ ਬੀਰ ਰੂਪ ਭਾਵਤੋ ॥
ਭਾਰੀ ਭਾਗ ਵਾਰੇ ਈਸ ਪੂਤਕੋ ਦੂਲਾਰੇ ਊਚ
ਬੋਲਤੇ ਜੈਕਾਰੇ ਪ੍ਰੀਤਿ ਪਜਾਰੇ ਲੋਕ ਧਾਵਤੋ ।
ਬਾਗੇ ਬੇਸ਼ ਕਾਲੇ ਤੇਜ ਭਆਲਪੈ ਨਿਰਾਲੇ ਭਾਨੁ
ਝੂਲਤੇ ਦੁਮਾਲੇ ਛੋਰ ਦੈਖ ਮੋਦ ਛਾਵਤੋ ॥ ੫੬੮ ॥

ਕਾਹੁ ਕੇ ਤ੍ਰਿਸੂਲ ਹਾਥ ਕਾਹੂ ਕੇ ਸੁ ਭਾਲੋ ਗੁਰਜ
ਕਾਹੂ ਸਾਂਗਸੇਲੋ ਦੰਡ ਪਾਸ ਕੋਸਵਾਰਜੋ ਹੈ ।
ਖੰਡੋ ਜੋ ਦੁਧਾਰੇ ਕਾਹੂ ਢਾਲੋ ਔ ਕਟਾਰੋ ਕਾਹੂ
ਤੇਗੋ ਤੇਜ ਵਾਰੋ ਕਾਹੂ ਚੱਕ੍ਰ ਕੋ ਉਭਾਰਜੋ ਹੈ ॥
ਤਰਕਸ ਕਮਾਨ ਕਾਹੂ ਲਾਂਬੀ ਸੀ ਕ੍ਰਿਪਾਨ ਕਾਹੂ
ਭੀਮ ਕੇ ਸਮਾਨ ਕਾਹੂ ਗਦਾ ਕੋ ਉਲਾਰਜੋ ਹੈ ।
ਸੋਭਤੀ ਤੁਫੰਗ ਕਾਹੁ ਭਾਰੀ ਫਤੇ ਜੰਗ ਕਾਹੂ
ਘੋਟਨੋ ਸੁ ਭੰਗ ਕਾਹੂ ਔਰੇ ਢੰਗ ਧਾਰਜੋ ਹੈ ॥ ੫੬੯ ॥

ਮਿਸਰੀ ਸਰੋਹੀ ਸੈਫ ਖੜਗ ਸੁ ਚੰਦਰ ਹਾਸ ਧਾਰਾ
ਧਰੀ ਬਾਢ ਧਾਰੀ ਯਮ ਦਾੜ੍ਹੈਂ ਧਾਰ ਕੈ ।
ਬਾਂਕ ਬਜ ਬਿਛੂਓ ਕਟਾਰੀ ਛੁਰੀ ਪੇਸ਼ ਕਬਜ਼
ਖੰਜਰ ਸੁਬੁ ਗਦਾ ਸਜਾਯੇ ਹੈ ਸਵਾਰ ਕੈ ॥
ਬਰਛੇ ਔ ਕਵਰ ਖੰਡੇ ਨੇਜੇ ਨੌਕ ਦਾਰ ਸਾਂਗ
ਤੁਪਕ ਤਮੰਚੇ ਕਰਾ ਬੀਨ ਮਾਂਜ ਝਾਰਕੈ ।
ਸਿਲੀ ਮੁਖ ਸਾਯਕ ਸੁ ਚੰਦ੍ਰਿਕ ਬਿਸਿਖਿ ਬਾਨ
ਚਾਲੇਹੈ ਅਨੰਤ ਬਾਂਕੇ ਆਯੁਧ ਸੰਗਾਰ ਕੈ ॥ ੫੭੦ ॥
ਕਾਹੂ ਤੌ ਦੁਮਾਲੋ ਸੀਧੋ ਊਚੌ ਜਜੋਂ ਮੁਨਾਰੇ ਕੀਨ
ਕਾਹੂ ਬਾਮ ਦਾਹਿਨੇ ਪਿਛੌਂਹੈਂ ਸੌਹੈਂ ਸਾਜ ਕੈ ।

1 to 113 {Nirmal Parbhakar}
114 to 222 {Sikhi Parbhakar}
D: (Billu) Giani G (H Sahib) {218}

ਕਾਹੂ ਰੰਗ ਰੰਗ ਕੇ ਪ੍ਰਸੂਨ ਔਲ ਪੇਟੀ ਮਾਲ
ਕਾਹੂੰ ਤੌਂ ਝੁਲਾਈ ਢੇਰ ਭਾਰੀ ਮੋਦ ਛਾਜ ਕੈ ॥
ਕਾਹੂੰ ਆਬ ਕੇਰੋ ਬਾਂਸ ਪਾਤ ਕੋ ਜਵਾਦਿ ਖੋਸ
ਕਾਹੂ ਬੂਟੀ ਬਿਸਨਕੀ ਕੌਂਪ ਸਾਚੋ ਪਾਜ ਕੈ ।
ਚਾਲੇ ਹੈਂ ਸੁ ਗਾਜ ਕੇਓ ਬੋਲੈਂ ਨ ਅਵਾਜ ਕੇਊ
ਆਜ ਮਹਾਰਾਜ ਸੋ ਹੈ ਐਸੋ ਹੀ ਸਮਾਜ ਕੈ ॥ ੫੭੧ ॥
ਤੀਨੋ ਲੋਕ ਨਾਥ ਪਜਾਰੋ ਪੰਥ ਮੈਂ ਪਧਾਰੇ ਜਾਤ
ਕੇਊ ਤੌਂ ਗਜੌਂਦ੍ਰ ਚਾਲ ਕੇਊ ਹੰਸ ਰਾਜ ਕੀ ।
ਕੇਊ ਭਾਰੀ ਕੂਦਤੇ ਪ੍ਰਚੰਡ ਜਜੋਂ ਕੁਰੰਗ ਕਾਰੇ
ਕੇਊ ਬਯਾਲ ਕੇਕੀ ਸਿੰਘ ਬਾਂਕੀ ਆਭ ਆਜ ਕੀ ॥
ਕੋਊ ਭੂਮਿ ਧਾਰਿਕੈ ਅਗਾਰੀ ਔ ਪਿਛਾਰੀ ਮੋਦ
ਘੂਮ ਘੂਮ ਝੂਮ ੨ ਢੇਰ ਧੂਮ ਗਾਜਕੀ ।
ਕੋਊ ਬਾਂਧ ਟੋਲੀ ਕੇਊ ਧਾਵਤੇ ਅਕੇਲੇ ਬੇਗ
ਕੇਊ ਬਾਂਏ ਦਾਂਏ ਸੋਭਾ ਦੇਖਤੇ ਸਮਾਜ ਕੀ ॥ ੫੭੨ ॥
ਕੇਊ ਬੂਢ ਦਾਨੇ ਕੇਊ ਬਾਲਕੇ ਅਯਾਨੇ ਬੇਸ
ਕੇਊ ਜੰਗ ਬਾਨੇ ਸੌ ਸੁਹਾਨੇ ਭਾਰੀ ਬੀਰ ਹੈਂ ।
ਕੇਊ ਸੂਧੇ ਭੋਲੇ ਕੇਊ ਚਾਤੁਰੇ ਛਵੀਲੇ ਛੈਲ
ਕੇਊ ਤੌਂ ਚਵੀਲੇ ਕੇਊ ਸਿੰਧੂ ਸਜੋਂ ਗੰਭੀਰ ਹੈਂ ॥
ਵਾਣੀ ਕੇ ਮਿਲਾਪੀ ਕੇਊ ਚਾਰੋਂ ਅੰਕ ਜਾਪੀ
ਕੇਊ ਯੁਧ ਕੇ ਅਲਾਪੀ ਕੇਊ ਨੈਨ ਤੌਂ ਬਸੀਰ ਹੈਂ ।
ਪਜਾਰੇ ਹਾਂਥ ਮੇਲੈਂ ਕੇਊ ਪਿਛੈ ਸੇ ਧਕੇਲੈਂ ਕੇਊ
ਆਯੁਧ ਸੌ ਖੇਲੈਂ ਕੇਊ ਕੇਲੈਂ ਨਾਥ ਤੀਰ ਹੈ ॥ ੫੭੩ ॥

ਦੋਹਿਰਾ
ਚਲਜੋ ਯੂਥ ਜਬ ਮਿਸਟ ਸਬ ਭਾ ਪਰਮੋਦ ਚਹੁੱ ਓਰ ।
ਅੰਜਨ ਗਿਰ ਗਜ ਮ੍ਰਿਗਨ ਉਰ ਘਟਾਂ ਸੁ ਚਾਤ੍ਰਿਕ ਮੋਰ ॥ ੫੭੪ ॥

ਕਬਿੱਤ
ਖੇਲਤੇ ਸੁ ਹੋਲਾ ਨਾਥ ਜੇਤੇ ਸਿੰਘ ਲਾਲੋ ਲਾਲ
ਏ ਤੋ ਝੁੰਡ ਕਾਲੋ ਬੇ ਸਬਾਨੋ ਜੋਸ ਜਾਯੋ ਹੈ ।
ਝਾਂਕੀ ਹੇਤੁ ਸੰਗਤਿ ਸਿਧਾਰੀ ਸੋ ਚਹੂੰਘਾ ਭੀਰ

1 to 113 {Nirmal Parbhakar}
114 to 222 {Sikhi Parbhakar}
D: (Billu) Giani G (H Sahib) {219}

ਅਲਿਤਾ ਅੰਬੀਰ ਆਦਿ ਆਛੋ ਰੰਗ ਛਾਯੋ ਹੈ ॥
ਬੀਜਲੀ ਜਮਾਤ ਕੈਧੌਂ ਬਾਦਲੀ ਸੁ ਘੇਰ ਲੀਨ
ਕੈਧੋ ਬਾਲ ਭਾਨ ਜੁ ਤਮੋਘ ਪੇਟ ਪਾਯੋ ਹੈ।
ਬਾਹੁ ਕੋ ਪਸਾਰ ਕੈਧੌਂ ਭੌਮ ਜੁ ਲਪੇਟਜੋ ਮੰਦ
ਕੈਧੋ ਹੇਮ ਸਾਰ ਨੀਲ ਮਨੀ ਪੈ ਲਭਾਜੋ ਹੈ ॥ ੫੭੫ ॥

ਘਨਾਛਰੀ ਛੰਦ
ਘੇਰੀ ਹੈ ਅਨਾਵਸ ਜੂ ਕੈਧੌਂ ਅਰੁਣੋਦੈ ਪੁੰਜ ਕੈਧੋ ਰਵਿ ਨੰਦ ਨੀਕੇ ਸਾਰਦਾ ਚਹੂੰਘਾ ਧਾਰ।
ਲੋਚਨ ਕੀ ਲਾਲੀ ਬੀਚ ਪੂਤਰੀ ਸੁਕਾਰੀ ਕਿਧੌਂ ਕੈਨੋ ਰੁਦ੍ਰ ਬੀਰ ਜੁ ਸਿੱਗਾਰ ਕੋ ਸਮੇਟਜੋ ਰਾਰ ॥
ਸਿੰਗ੍ਰਿਫ ਪਹਾਰ ਕੇ ਮਝਾਰ ਕੈਧੋ ਐਸ ਖਾਨ ਸਜਾਹੀਕੀ ਡੱਡੀਰ ਕੈਧੋ ਆਸ ਪਾਸ ਰੰਗ ਦਾਰ।
ਪੌਧਾ ਹੈ ਤਮਾਲ ਕੈਧੌਂ ਵਾਤਿਕਾ ਬਧੂਕ ਆਦਿ ਸੰਗਤਿ ਮੈ ਸੋਭਤੀਸ ਪਾਂਤਿ ਕੈਧੋ ਨੀਲ ਧਾਰ ॥ ੫੭੬ ॥

**ਕਬਿੱਤ**

ਕੈਧੌਂ ਰਜੋ ਪੁੰਜ ਕੇ ਮਝਾਰ ਤਮੋ ਕੀਨੇ ਜੋਸ
ਕੈਧੋ ਲਾਲ ਨੀਰਜ ਅਰੰਨ ਭੌਰ ਭਾਂਤਿ ਹੈ।
ਕੈਧੌਂ ਚਿਨਕਾਲੋ ਲੈ ਗੁਲਾਲੈ ਕੇ ਬਿਕਾਸਜੋ ਫੂਲ
ਲਾਲੌਂ ਬੀਚ ਪਾਰਸ ਪੁਰਾਯੋ ਚੌਕ ਸਾਂਤਿ ਹੈ ॥
ਕੈਧੌਂ ਰੂਪ ਖਆਨ ਜੋ ਅਲੋਕਿਕ ਛਵੀਲੀ ਛੈਲ
ਮੇਧਾ ਮਹਾਰਾਨੀ ਕੋ ਕਪੋਲ ਤਿਲ ਕਾਂਤਿ ਹੈ।
ਕੈਧੌਂ ਸਾਲਗਰਾਮ ਜੂ ਸੁਗੰਡਿਕਾ ਸੌਂ ਆਯੇ ਰੂਠ
ਭਾਰਤੀ ਪਰਵਾਸ ਲੀਨੋ ਸੌਭਾ ਐਸੀ ਭਾਂਤਿ ਹੈ ॥ ੫੭੭ ॥

ਚੀਰ ਕੈ ਬਹੀਰ ਕੋ ਸਮੀਰ ਸੌ ਪਰਚੰਡ ਬੀਰ
ਧਾਯੇ ਨਾਥ ਤੀਰ ਜੋ ਹਰਯਾ ਪੀਰਜਨ ਕੀ।
ਸਾਜ ਗੋਲ ਗਾਜ ਕੈ ਗਜਾਯੋ ਹੈ ਜੈਕਾਰੋ ਜੋਸ
ਮਾਚਗੋ ਚਹੂੰਘਾ ਸੋਰ ਮਾਨੋ ਜੀਤ ਰਨ ਕੀ ॥
ਸੰਗਤੈ ਅਗਾਰੀ ਔ ਪਿਛਾਰੀ ਜੋ ਪਧਾਰੀ ਜਾਤ
ਵਾਰੀ ਹੌਂ ਵਿਕੁੰਠ ਭੀਰ ਭਾਰੀ ਦੇਵ ਗਨ ਕੀ।
ਆਨ ਕੈ ਹਜੂਰ ਏਕ ਵਾਰਗੀ ਬੁਲਾਯ ਫਤੇ

1 to 113 **{Nirmal Parbhakar}**
114 to 222 **{Sikhi Parbhakar}**
D: (Billu) Giani G (H Sahib) {220}

ਦੂਰ ਸੇ ਜੁਹਾਰ ਬਾਂਛ ਪੂਰ ਕੀਨੀ ਮਨ ਕੀ ॥ ੫੭੮ ॥

ਦੋਹਿਰਾ

ਪ੍ਰਭੁ ਕਰ ਸਭਾ ਵਿਲੋਕ ਸੁਠ ਕਿਯਸਿ ਪਰ ਕਰਮਾ ਪ੍ਰੀਤਿ ।
ਬਾਮ ਅੰਗ ਅੰਤਰ ਰਖਯੋ ਪਢ ਗੁਰੁ ਸਬਦ ਪ੍ਰਤੀਤਿ ॥ ੫੭੯ ॥

ਸੋਰਠਾ

ਤੱਹਿ ਕਰ ਕਾਰਨ ਦੋਇ ਸੁਨ ਹੁ ਸੁਬੁਧ ਹਿਤ ਸ੍ਰਵਨ ਦੈ ।
ਸ੍ਰੀ ਅਸਿ ਅੰਤਰ ਹੋਇ ਸਨਮੁਖ ਸਬ ਕਰ ਦਰਸ ਪੁਨ ॥ ੫੮੦ ॥

ਸਵੈਯਾ

ਅਥ ਸੁੰਦਰ ਪੰਗਤਿ ਜੋਰ ਭਲੇ ਹਥ ਸੰਗਤਿ ਸ੍ਰੀ ਜਗਦੀਸ ਅਗਾਰੀ ।
ਅਤਿ ਨਿਮ੍ਰਤਿ ਹ੍ਵੈ ਅਧਿਕਾਰ ਖਲੇ ਕਲ ਮੂੰਦ ਸੁ ਲੋਚਨ ਪਰੇਮ ਖੁਮਾਰੀ ॥
ਜਹਿ ਕੌਤੁਕ ਦੇਖ ਭਰਮੈ ਦਿਲ ਦਾਨਵ ਦੇਵ ਅਚੰਭਵ ਕੋ ਨਰ ਨਾਰੀ ।
ਵਹਿ ਬਾਲ ਚਰਿੱਤਰ ਵਿਲੋਕ ਅਲੌਕਿਕ ਚੱਕ੍ਰਿਤ ਭੇ ਚਿਤ ਸ੍ਰੀ ਅਸਿ ਧਾਰੀ ॥ ੫੮੧ ॥

ਘਨਾਛਰੀ ਛੰਦ

ਪੰਡਿਤ ਕਵੀਸਨ ਕੀ ਮੰਡਿਲੀ ਪ੍ਰਸੰਸ ਪੇਖ ਗਾਵਤੇ ਗਵਯੇ ਗੁਣਾਵਾਦ ਕੇ ਸੁਗੀਤ ਜੋਰ ।
ਆਯ ਗੀਰਵਾਨ ਸੁਨਾਸੀਰ ਲੌ ਸੁ ਭੀਰ ਕੀਨ ਭਾਰੀ ਸਿੱਧ ਪੀਰ ਕੋ ਬਹੀਰ ਧਾਯ ਸੰਕ ਛੋਰ ॥
ਔਰ ਦੇਸ ਕੇ ਦੇਸ ਕੇ ਅਸੇਸ ਜੇ ਪਰਬੀਨ ਝੁੰਡ ਕਾਮਿਨੀ ਪੁਮਾਨਹੀਯੋ ਨੀਲ ਭੇਸ ਹੋਯੋ ਚੋਰ ।
ਦੂਰ ਲੌ ਦੀਵਾਨ ਜੈਸੋ ਤੈਸੋ ਭਾਸ ਚਿਤਰ ਕੈ ਸੋ ਆਪ ਦੀਨ ਬੰਧੁ ਜੂ ਕੀ ਲਾਗੀ ਤਾਰ ਵਾਹੀ ਓਰ ॥ ੫੮੨ ॥

ਚੌਪਈ

ਨੀਲ ਵਰਣ ਕੀ ਉਪਮਾਂ ਜੋਈ । ਭਈ ਸਮਾਪਤੀ ਜਾਨੋ ਸੋਈ ॥
ਦੇ ਅਸੀਸ ਗੁਰੁ ਦੇਵ ਸੁ ਜਾਨ । ਉਠੈ ਸਬਾਸੈ ਅਤਿ ਸੁਖ ਮਾਨ ॥ ੫੮੩ ॥
ਤਿਹਿ ਦਿਨਸੇ ਇਹਿ ਪੰਥ ਅਪਾਰਾ । ਵਧਿਤ ਵਧਿਤ ਵਧਿ ਗੋ ਬਹੁ ਭਾਰਾ ॥
ਕੀ ਲੀਲਾ ਹੈ ਅਲੌਕਕ ਜੋਈ । ਦੇਵਅਚਰਜ ਹੋਤਿ ਲਖ ਸੋਈ ॥ ੫੮੪ ॥
ਨਿਰਮਲ ਪੰਥ ਸਜਾਵਨ ਕੀਨਾ । ਬ੍ਰਹਮ ਗਯਾਨ ਮੈਂ ਜਿਨ ਚਿਤ ਭੀਨਾ ।
ਪੰਥ ਖਾਲਸਾ ਬਹੁ ਬਿਧ ਜਾਨੋ । ਜਿਨਕੇ ਭੇਖ ਅਨੇਕ ਵਖਾਨੋ ॥ ੫੮੫ ॥
ਨਾਨਾ ਬਿਧ ਸਿਖਯਾ ਤਿਨ ਦੀਨਾ । ਰਹਿਤ ਮਰਜਾਦਾ ਸਬ ਦਸ ਦੀਨਾ ॥
ਹੋਲਾ ਮਹਿਲਾ ਕੀਨ ਉਜਾਗਰੁ । ਸਿਖੀ ਕਾ ਕੀਨਾ ਬਹੁ ਆਦਰੁ ॥ ੫੮੬ ॥

1 to 113 {Nirmal Parbhakar}
114 to 222 {Sikhi Parbhakar}
D: (Billu) Giani G (H Sahib) {221}

ਨੀਲ ਵਰਣ ਨਿਹੰਗ ਹੈ ਜੋਈ। ਤਿਨ ਕੋ ਰਚਿਤ ਭਏ ਗੁਰ ਸੋਈ॥
ਤਿਨਕੀ ਉਪਮਾ ਔ ਅਲੰਕਾਰਾ। ਤਿਨ ਕਾ ਅੰਤ ਨਹੀਂ ਕੁਛ ਪਾਰਾ॥ ੫੮੭॥
ਦੋਨੋਂ ਧਿਯਾ ਸਮਾਪਤ ਹੋਏ। ਸਰਬ ਸਿੰਘ ਆਪਨ ਗ੍ਰਹ ਜੋਏ॥
ਆਗੇ ਬਹੁਤ ਗੁਰਨ ਜਸਿ ਜੋਈ। ਸੁਨੋ ਸੰਗਤਿ ਦੈ ਕਰਣ ਕੋ ਸੋਈ॥ ੫੮੮॥
ਗੁਰੁ ਜਸ ਕਹਾ ਕਹੇ ਕੋ ਬਾਨੀ। ਬ੍ਰਹਮਾ ਇੰਦ੍ਰ ਸੇਸ ਨਹੀਂ ਜਾਨੀ॥
ਏਕ ਅਕਾਲ ਅਕਾਲ ਵਖਾਨੀ। ਜਿਹੀ ਆਰਤੀ ਮੋਰੀ ਮਾਨੀ॥ ੫੮੯॥
ਇਹਿ ਧਿਆਇ ਬਖਸੇ ਸਿਖੀ ਤਾਇ। ਗੁਰ ਚਰਣਾ ਮੈ ਪਰੇਮ ਵਧਾਇ॥
ਭਈ ਸਾਂਝ ਬਿਸਰਾਂਮਹਿ ਕੀਨੋ। ਸਿਖੀ ਧਜਾਏ ਸਮਾਪਤ ਚੀਨੋ॥ ੫੯੦॥

**ਇਤ ਸ੍ਰੀ ਕਲੀਕਲਖ ਨਿਕੰਦਨ ਸਿਖੀ**
**ਪ੍ਰਭਾਕਰੇ ਕਵੀ ਨਿਹਾਲ ਸਿੰਘੇਨ ਕ੍ਰਿਤ**
**ਦਤੀਯ ਧਜਾਇ ਸਮਪਤਿ**
**ਸ੍ਰੀ ਅਕਾਲ ਸਹਾਏ**

1 to 113 **{Nirmal Parbhakar}**
114 to 222 **{Sikhi Parbhakar}**
D: (Billu) Giani G (H Sahib) {222}